ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On Visit on facebook

https://www.facebook.com/awazeqaumtv/videos/19489582124531/

You Tube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 22 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੯ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਲਵ ਮੈਰਿਜ ਕਰਾਉਣ ਵਾਲੀ ਕੁੜੀ ਨੂੰ ਸ਼ਰੇਆਮ ਮਾਰੀ ਗੋਲੀ




**ਬਠਿੰਡਾ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਬਠਿੰਡਾ ਦੇ ਕਸਬਾ ਭਗਤਾ ਭਾਈ ਕਾ ਵਿਖੇ ਪਤੀ ਨਾਲ ਦਾਣਾ ਮੰਡੀ ਵਿਚ ਸੈਰ ਕਰ ਰਹੀ ਕੁੜੀ ਨੂੰ ਮੋਟਰਸਾਈਕਲ ਸਵਾਰਾਂ ਨੇ ਗੋਲੀ ਮਾਰ ਦਿੱਤੀ। ਇਹ ਗੋਲੀ ਕੁੜੀ ਦੇ ਪੇਟ ਵਿਚ ਲੱਗੀ ਅਤੇ ਆਰਪਾਰ ਹੋ ਗਈ। ਗੋਲੀ ਲੱਗਣ ਕਾਰਣ ਗੰਭੀਰ ਜ਼ਖ਼ਮੀ ਹੋਈ ਕੁੜੀ ਨੂੰ ਤੁਰੰਤ ਭਗਤਾ ਭਾਈ ਕਾ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਜਿਸ ਉਪਰੰਤ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਉਸ ਨੂੰ ਬਠਿੰਡਾ ਦੇ ਸਿਵਲ ਹਸਪਤਾਲ ਵਿਖੇ ਰੈਫਰ ਕਰ ਦਿੱਤਾ ਗਿਆ ਹੈ, ਜਿਥੇ ਲੜਕੀ ਦਾ ਇਲਾਜ ਚੱਲ ਰਿਹਾ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਉਕਤ ਜੋੜੇ ਨੇ ਕੁਝ ਸਮਾਂ ਪਹਿਲਾਂ ਹੀ ਲਵਮੈਰਿਜ ਕਰਵਾਈ ਸੀ। ਫਿਲਹਾਲ ਪੀੜਤ ਪਰਿਵਾਰ ਵਲੋਂ ਕਿਸੇ ’ਤੇ ਵੀ ਸ਼ੱਕ ਨਹੀਂ ਜਿਤਾਇਆ ਜਾ ਰਿਹਾ। ਦੂਜੇ ਪਾਸੇ ਪੁਲਸ ਨੇ ਮੌਕੇ ’ਤੇ ਪਹੁੰਚ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਮੁਤਾਬਕ ਵਾਰਦਾਤ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ।

### ਡੋਨਾਲਡ ਟਰੰਪ ਦੇ ਸਮਾਗਮ ’ਚ ‘ਮਹਿਮਾਨ’ ਬਣ ਪਹੁੰਚੇ ਗੁਰਪਤਵੰਤ ਸਿੰਘ ਪੰਨੂ

# ਖਾਲਿਸਤਾਨ ਜ਼ਿੰਦਾਬਾਦ ਦੇ ਲਾਏ ਨਾਅਰੇ

**ਵਾਸ਼ਿੰਗਟਨ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਰਿਪਬਲਿਕਨ ਪਾਰਟੀ ਦੇ ਡੋਨਾਲਡ ਜੇ. ਟਰੰਪ ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਹੈ। ਉਨ੍ਹਾਂ ਨੇ 2017 ਤੋਂ ਬਾਅਦ ਦੂਜੀ ਵਾਰ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਦਾ ਸਿਖਰਲਾ ਅਹੁਦਾ ਸੰਭਾਲਿਆ ਹੈ। ਟਰੰਪ ਦੇ ਸਹੁੰ ਚੁੱਕ ਸਮਾਗਮ ਵਿੱਚ ਕਈ ਦੇਸ਼ਾਂ ਦੇ ਮੁਖੀ ਤੇ ਚੋਟੀ ਦੇ ਨੇਤਾ ਮੌਜੂਦ ਸਨ। ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਭਾਰਤ ਦੀ ਨੁਮਾਇੰਦਗੀ ਕੀਤੀ। ਇਸ ਦੌਰਾਨ ਖਾਲਿਸਤਾਨੀ ਸਮਰਥਕ ਭਾਈ ਗੁਰਪਤਵੰਤ ਸਿੰਘ ਪੰਨੂ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ ਜਿਸ ਵਿੱਚ ਇਹ ਡੋਨਾਲਡ ਟਰੰਪ ਦੀ ਸਟੇਜ ਦੇ ਬਿਲਕੁਲ ਨੇੜੇ ਵਿਖਾਈ ਦੇ ਰਹੇ ਹਨ। ਇਸ ਦੌਰਾਨ ਉਨ੍ਹਾਂ ਨੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ। ਇਹ ਵੀਡੀਓ ਸੋਸ਼ਲ ਮੀਡੀਆ ਉੱਤੇ ਜਮ ਕੇ ਵਾਇਰਲ ਹੋ ਰਹੀ ਹੈ। ਜ਼ਿਕਰ ਕਰ ਦਈਏ ਕਿ ਅਮਰੀਕਾ ਵਿੱਚ ਭਾਈ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕੋਸ਼ਿਸ਼ ਮਾਮਲੇ ਵਿੱਚ ਭਾਰਤ ਤੇ ਅਮਰੀਕਾ ਵਿਚਾਲੇ ਕੁਝ ਖਟਾਸ ਸਾਹਮਣੇ ਆਈ ਸੀ। ਅਮਰੀਕਾ ਵੱਲੋਂ ਅਮਰੀਕਾ ਤੇ ਕੈਨੇਡਾ ਦੀ ਦੂਹਰੀ ਨਾਗਰਿਕਾ ਰੱਖਣ ਵਾਲੇ ਭਾਈ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਵਿਕਾਸ ਯਾਦਵ ਦਾ ਨਾਮ ਦੇ ਵਿਅਕਤੀ ਦਾ ਨਾਂ ਲਿਆ ਗਿਆ ਸੀ, ਜੋ ਭਾਰਤ ਦੀ ਖੁਫ਼ੀਆ ਏਜੰਸੀ ਰਾਅ (ਰਿਸਰਚ ਐਂਡ ਐਨਾਲਸਿਸ ਵਿੰਗ) ਦਾ ਸਾਬਕਾ ਅਧਿਕਾਰੀ ਦੱਸਿਆ ਜਾਂਦਾ ਹੈ। ਗ੍ਰਹਿ ਮੰਤਰਾਲੇ ਨੇ ਬਿਆਨ ਵਿੱਚ ਕਿਹਾ ਕਿ ਲੰਬੀ ਜਾਂਚ ਤੋਂ ਬਾਅਦ ਕਮੇਟੀ ਨੇ ਇੱਕ ਵਿਅਕਤੀ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਕੀਤੀ ਹੈ, ਜਿਸ ਦੇ ਪਿਛਲੇ ਅਪਰਾਧਿਕ ਸਬੰਧ ਤੇ ਪਿਛੋਕੜ ਵੀ ਜਾਂਚ ਦੌਰਾਨ ਸਾਹਮਣੇ ਆਇਆ ਸੀ। ਭਾਈ ਗੁਰਪਤਵੰਤ ਸਿੰਘ ਪੰਨੂ ਪਿਛੋਕੜ ਤੋਂ ਪੰਜਾਬ ਤੇ ਹੁਣ ਇੱਕ ਕੈਨੇਡੀਅਨ ਤੇ ਅਮਰੀਕੀ ਨਾਗਰਿਕ ਹੈ ਜੋ ਸਿੱਖਸ ਫਾਰ ਜਸਟਿਸ ਦੇ ਜਨਰਲ ਵਕੀਲ ਵਜੋਂ ਕੰਮ ਕਰਦੇ ਹਨ। ਖਾਲਿਸਤਾਨ ਹਮਾਇਤੀ ਵਕੀਲ ਇੱਕ ਵੱਖਰੇ ਸਿੱਖ ਰਾਜ ਦੀ ਮੰਗ ਕਰਨ ਵਾਲੇ ਰੈਫਰੈਂਡਮ ਦੇਮੁੱਖ ਪ੍ਰਬੰਧਕ ਸਹਾਇਕ ਹਨ, ਜੋ ਕਿ ਕੈਨੇਡਾ, ਯੂਕੇ ਅਤੇ ਆਸਟ੍ਰੇਲੀਆ ਵਰਗੇ ਵੱਡੇ ਭਾਰਤੀ ਪ੍ਰਵਾਸੀਆਂ ਵਾਲੇ ਦੇਸ਼ਾਂ ਵਿੱਚ ਆਯੋਜਿਤ ਕੀਤਾ ਗਿਆ ਹੈ।



## ਡੱਲੇਵਾਲ ਦੇ ਮਰਨ ਵਰਤ ਨੂੰ ਹੋਏ 57 ਦਿਨ, ਹਾਲਤ ’ਚ ਹੋਇਆ ਸੁਧਾਰ, ਪੰਧੇਰ ਨੇ ਡੱਲੇਵਾਲ ਨੂੰ ਕੀਤੀ ਖਾਸ ਅਪੀਲ

**ਪਟਿਆਲਾ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ-ਹਰਿਆਣਾ ਦੇ ਖਨੌਰੀ ਸਰਹੱਦ ’ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ 57 ਦਿਨ ਹੋ ਗਏ ਹਨ। ਸੋਮਵਾਰ ਸ਼ਾਮ ਨੂੰ ਖਨੌਰੀ ਸਰਹੱਦ ’ਤੇ ਡੱਲੇਵਾਲ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਇੱਕ ਮੈਡੀਕਲ ਬੁਲੇਟਿਨ ਜਾਰੀ ਕਰਕੇ ਕਿਹਾ ਕਿ ਸ਼ਨੀਵਾਰ ਰਾਤ ਤੋਂ ਡਾਕਟਰੀ ਸਹਾਇਤਾ ਲੈਣ ਤੋਂ ਬਾਅਦ ਉਨ੍ਹਾਂ ਦੀ ਸਿਹਤ ਵਿੱਚ ਕੁਝ ਸੁਧਾਰ ਦਿਖਾਈ ਦੇ ਰਿਹਾ ਹੈ। ਉਨ੍ਹਾਂ ਦੇ ਬਲੱਡ ਸੈਂਪਲ ਦੀ ਰਿਪੋਰਟ ਜਲਦੀ ਹੀ ਆਵੇਗੀ। ਸੁਪਰ ਸਪੈਸ਼ਿਲਸਟ ਡਾਕਟਰ ਸਮੇਂ-ਸਮੇਂ ’ਤੇ ਉਨ੍ਹਾਂ ਦੀ ਜਾਂਚ ਕਰ ਰਹੇ ਹਨ। 8 ਸੀਨੀਅਰ ਡਾਕਟਰ ਮੋਰਚੇ ’ਤੇ ਮੌਜੂਦ ਹਨ। ਡਾਕਟਰ 14 ਫਰਵਰੀ ਨੂੰ ਕੇਂਦਰ ਨਾਲ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਿਸਾਨ ਮਜ਼ਦੂਰ ਮੋਰਚਾ ਦੇ ਕਨਵੀਨਰ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਡਾ. ਸਵੈਮਾਨ ਸਿੰਘ ਦੀ ਰਿਪੋਰਟ ਅਨੁਸਾਰ ਡੱਲੇਵਾਲ ਨੂੰ ਖਾਣਾ-ਪੀਣਾ ਸ਼ੁਰੂ ਕਰਨ ਦੀ ਬੇਨਤੀ ਕੀਤੀ ਗਈ ਹੈ ਤਾਂ ਜੋ ਉਹ 14 ਫਰਵਰੀ ਨੂੰ ਹੋਣ ਵਾਲੀ ਮੀਟਿੰਗ ਵਿੱਚ ਸ਼ਾਮਲ ਹੋ ਸਕਣ। ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ 26 ਜਨਵਰੀ ਨੂੰ ਦੇਸ਼ ਭਰ ਵਿੱਚ ਟਰੈਕਟਰ ਮਾਰਚ ਦਾ ਐਲਾਨ ਕੀਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ 26 ਜਨਵਰੀ ਨੂੰ ਦੁਪਹਿਰ 12 ਵਜੇ ਤੋਂ 1:30 ਵਜੇ ਤੱਕ ਕਿਸਾਨ ਆਪਣੇ ਟਰੈਕਟਰ ਮਾਲ, ਟੋਲ ਪਲਾਜ਼ਾ, ਭਾਜਪਾ ਦਫ਼ਤਰਾਂ ਦੇ ਸਾਹਮਣੇ ਜਾਂ ਸੜਕ ਕੰਢੇ ਖੜ੍ਹੇ ਕਰਨਗੇ। ਸਥਾਨਕ ਸਥਿਤੀਆਂ ਦੇ ਆਧਾਰ ’ਤੇ ਪ੍ਰਦਰਸ਼ਨ ਲਈ ਉਪਰੋਕਤ ਸਥਾਨਾਂ ਵਿੱਚੋਂ ਇੱਕ ਚੁਣਿਆ ਜਾਵੇਗਾ। ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਕਿਸਾਨ ਅੰਦੋਲਨ ਦਾ ਸਮਰਥਨ ਕਰਨ ਵਾਲੇ ਕਿਸੇ ਵੀ ਲੋਕ ਕਲਾਕਾਰ ਵਿਰੁੱਧ ਕੋਈ ਬਦਲਾਖੋਰੀ ਵਾਲੀ ਕਾਰਵਾਈ ਕਰਦੀ ਹੈ, ਤਾਂ ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ ਮਜ਼ਦੂਰ ਮੋਰਚਾ ਉਨ੍ਹਾਂ ਨਾਲ ਚੱਟਾਨ ਵਾਂਗ ਖੜ੍ਹਾ ਹੋਵੇਗਾ।



## ਦਿਲਜੀਤ ਦੋਸਾਂਝ ਦੀ ਪੰਜਾਬ 95 ਨੂੰ ਬੈਨ ਕਰਨ ਦਾ ਅਸਲ ਕਾਰਨ ਆਇਆ ਸਾਹਮਣੇ

**ਨਵੀਂ ਦਿੱਲੀ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਦਿਲਜੀਤ ਦੋਸਾਂਝ ਪਿਛਲੇ ਕੁਝ ਸਾਲਾਂ ਤੋਂ ਆਪਣੀ ਫਿਲਮ ਪੰਜਾਬ 95 ਦੀ ਰਿਲੀਜ਼ ਦੀ ਉਡੀਕ ਕਰ ਰਹੇ ਹਨ। ਇਹ ਫਿਲਮ ਪੂਰੀ ਵੀ ਹੋ ਗਈ ਤੇ ਰਿਲੀਜ਼ ਲਈ ਵੀ ਤਿਆਰ ਹੈ ਪਰ ਹੁਣ ਇਹ ਉਮੀਦ ਤੋਂ ਵੱਧ ਸਮੇਂ ਲਈ ਰੋਕੀ ਗਈ ਹੈ। ਹਾਲ ਹੀ ਵਿੱਚ ਇਹ ਐਲਾਨ ਕੀਤਾ ਗਿਆ ਸੀ ਕਿ ਬਾਇਓਪਿਕ ਭਾਰਤ ਨੂੰ ਛੱਡਕੇ 7 ਫਰਵਰੀ, 2025 ਨੂੰ ਬਿਨਾਂ ਕਿਸੇ ਕੱਟਾਂ ਦੇ ਅੰਤਰਰਾਸ਼ਟਰੀ ਪੱਧਰ ’ਤੇ ਰਿਲੀਜ਼ ਕੀਤੀ ਜਾਵੇਗੀ, ਪਰ ਇਸਨੂੰ ਫਿਰ ਤੋਂ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਦੋਸਾਂਝ ਨੇ 20 ਜਨਵਰੀ ਦੀ ਅੱਧੀ ਰਾਤ ਨੂੰ ਆਪਣੀਆਂ ਇੰਸਟਾਗ੍ਰਾਮ ਸਟੋਰੀ ’ਤੇ ਲਿਖਿਆ, “ਸਾਨੂੰ ਅਫ਼ਸੋਸ ਹੈ ਤੇ ਸਾਨੂੰ ਇਹ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ ਪੰਜਾਬ ’95 7 ਫਰਵਰੀ ਨੂੰ ਰਿਲੀਜ਼ ਨਹੀਂ ਹੋਵੇਗੀ ਕਿਉਂਕਿ ਹਾਲਾਤ ਸਾਡੇ ਕਾਬੂ ਤੋਂ ਬਾਹਰ ਹਨ।÷ ਦੱਸ ਦਈਏ ਕਿ ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ (3263) ਨਾਲ ਚੱਲ ਰਹੇ ਮੁੱਦਿਆਂ ਕਾਰਨ ਫਿਲਮ ਦੀ ਰਿਲੀਜ਼ ਮੁੱਖ ਤੌਰ ’ਤੇ ਰੋਕੀ ਗਈ ਹੈ। ਇਹ ਦੇਰੀ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਧਾਰਿਤ ਹੋਣ ਕਰਕੇ ਹੈ। ਸੀਬੀਐਫਸੀ ਨੇ ਫਿਲਮ ਵਿੱਚ ਲਗਭਗ 120 ਕੱਟਾਂ ਦੀ ਬੇਨਤੀ ਕੀਤੀ ਹੈ ਜੋ 1990 ਦੇ ਦਹਾਕੇ ਵਿੱਚ ਪੰਜਾਬ ਪੁਲਿਸ ਦੁਆਰਾ ਸਿੱਖ ਨੌਜਵਾਨਾਂ ਦੇ ਕਤਲਾਂ ਨੂੰ ਬੇਨਕਾਬ ਕਰਨ ਲਈ ਖਾਲੜਾ ਦੀ ਲੜਾਈ ਨੂੰ ਸਪੱਸ਼ਟ ਤੌਰ ’ਤੇ ਦਰਸਾਉਂਦੀ ਹੈ। ਨਿਰਧਾਰਿਤ ਰਿਲੀਜ਼ ਤੋਂ ਸਿਰਫ਼ ਇੱਕ ਹਫ਼ਤਾ ਪਹਿਲਾਂ, ਦਿਲਜੀਤ ਨੇ ਇੱਕ ਟੀਜ਼ਰ ਰਿਲੀਜ਼ ਕੀਤਾ ਸੀ, ਜਿਸ ਨੂੰ ਸਿਰਫ਼ 20 ਘੰਟਿਆਂ ਵਿੱਚ ਹੀ 300,000 ਤੋਂ ਵੱਧ ਵਿਊਜ਼ ਮਿਲ ਗਏ। ਹਾਲਾਂਕਿ, ਭਾਰਤ ਵਿੱਚ ਯੂਟਿਊਬ ਤੋਂ ਟੀਜ਼ਰ ਨੂੰ ਹਟਾ ਦਿੱਤਾ ਗਿਆ। ਜ਼ਿਕਰ ਕਰ ਦਈਏ ਕਿ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਵਿੱਚ ਖਾੜਕੂਵਾਦ ਦੇ ਸਮੇਂ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਤਸ਼ੱਦਦ ਨੂੰ ਜੱਗ ਸਾਹਮਣੇ ਲਿਆਂਦਾ ਸੀ। ਆਪ੍ਰੇਸ਼ਨ ਬਲੂ ਸਟਾਰ, ਇੰਦਰਾ ਗਾਂਧੀ ਦੀ ਹੱਤਿਆ ਅਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਪੁਲਿਸ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ ਸੀ ਜਿਸ ਤੋਂ ਬਾਅਦ ਪੁਲਿਸ ਨੇ ਬੇਕਸੂਰ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰਿਆ ਸੀ ਜਿਸ ਦਾ ਮੁੱਦਾ ਜਸਵੰਤ ਸਿੰਘ ਖਾਲੜਾ ਨੇ ਚੁੱਕਿਆ ਸੀ।

**ਸੈਂਸਰ ਬੋਰਡ ਨੇ ਰੱਖੀਆਂ ਆਹ ਸ਼ਰਤਾਂ :** ☛ਸੈਂਸਰ ਬੋਰਡ ਨੇ ਫਿਲਮ ਨਿਰਮਾਤਾਵਾਂ ਨੂੰ ਫਿਲਮ ਦੇ ਉਨ੍ਹਾਂ ਸਾਰੇ ਦ੍ਰਿਸ਼ਾਂ ਨੂੰ ਬਦਲਣ ਦਾ ਹੁਕਮ ਦਿੱਤਾ ਸੀ ਜਿੱਥੇ ਪੰਜਾਬ ਅਤੇ ਉਨ੍ਹਾਂ ਦੇ ਜ਼ਿਲ੍ਹਾ ਤਰਨਤਾਰਨ ਸਾਹਿਬ ਦਾ ਜ਼ਿਕਰ ਕੀਤਾ ਗਿਆ ਹੈ। ☛ਫਿਲਮ ਵਿੱਚ ਦਿਖਾਏ ਗਏ ਕੈਨੇਡਾ ਅਤੇ ਯੂਕੇ ਦੇ ਹਵਾਲਿਆਂ ਨੂੰ ਹਟਾਉਣ ਦੀ ਵੀ ਮੰਗ ਕੀਤੀ ਗਈ ਸੀ। ☛ਫਿਲਮ ਦਾ ਸਿਰਲੇਖ ਪੰਜਾਬ 95 ਰੱਖਿਆ ਗਿਆ ਹੈ। ਸਾਲ 1995 ਵਿੱਚ ਜਸਵੰਤ ਸਿੰਘ ਖਾਲੜਾ ਲਾਪਤਾ ਹੋ ਗਏ ਸਨ, ਅਜਿਹੀ ਸਥਿਤੀ ਵਿੱਚ ਸੈਂਸਰ ਬੋਰਡ ਕਮੇਟੀ ਨੇ ਇਸ ਸਿਰਲੇਖ ਨੂੰ ਬਦਲਣ ਦੀ ਮੰਗ ਕੀਤੀ ਸੀ। ਇਸ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ। ☛ਕਮੇਟੀ ਨੇ ਮੰਗ ਕੀਤੀ ਕਿ ਫਿਲਮ ਦੇ ਮੁੱਖ ਪਾਤਰ ਜਸਵੰਤ ਸਿੰਘ ਖਾਲੜਾ ਦਾ ਨਾਮ ਵੀ ਬਦਲਿਆ ਜਾਵੇ। ☛ਫਿਲਮ ਵਿੱਚੋਂ ਗੁਰਬਾਣੀ ਦੇ ਦ੍ਰਿਸ਼ ਹਟਾ ਦਿੱਤੇ ਜਾਣੇ ਚਾਹੀਦੇ ਹਨ।

## ਕਰੋੜਾਂ ਖ਼ਰਚਕੇ ਬਾਦਲ ਵੱਲੋਂ ਖ਼ਰੀਦੀਆਂ ਪਾਣੀਆਂ ਵਾਲੀਆਂ ਬੱਸਾਂ ਹੋਈਆਂ ‘ਮਿੱਟੀ’ ! ‘ਭ੍ਰਿਸ਼ਟਾਚਾਰ’ ਨਾਲ ਜੋੜਕੇ ਜਾਂਚ ਕਰੇਗੀ ਪੰਜਾਬ ਸਰਕਾਰ

**ਚੰਡੀਗੜ੍ਹ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਭਾਜਪਾ ਸਰਕਾਰ ਦੌਰਾਨ ਅੱਠ ਸਾਲ ਪਹਿਲਾਂ ਖਰੀਦੀਆਂ ਗਈਆਂ ਪਾਣੀ ਵਾਲੀਆਂ ਬੱਸਾਂ ਦੀ ਜਾਂਚ ਪੰਜਾਬ ਸਰਕਾਰ ਨੇ ਸ਼ੁਰੂ ਕਰ ਦਿੱਤੀ ਹੈ। ਇਸ ਪ੍ਰੋਜੈਕਟ ’ਤੇ 8.63 ਕਰੋੜ ਰੁਪਏ ਖਰਚ ਕਰਨਾ ਇੱਕ ਗ਼ਲਤ ਫੈਸਲਾ ਸੀ। ਇਹ ਦਾਅਵਾ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਤਰੁਣਪ੍ਰੀਤ ਸਿੰਘ ਨੇ ਕੀਤਾ ਹੈ।



**ਪੰਜਾਬ ਸਰਕਾਰ ਨਹੀਂ ਚਲਾਏਗੀ ਪਾਣੀ ਵਾਲੀਆਂ ਬੱਸਾਂ :** ਉਨ੍ਹਾਂ ਕਿਹਾ ਕਿ ਇਹ ਬੱਸ ਹੁਣ ਪੂਰੀ ਤਰ੍ਹਾਂ ਚੱਲਣ ਦਾ ਲਾਇਕ ਨਹੀਂ ਹੈ ਤੇ ਇਸ ਕਾਰਨ ਵੱਡਾ ਹਾਦਸਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਰਕਾਰ ਅਜਿਹਾ ਕੋਈ ਵੀ ਫੈਸਲਾ ਨਹੀਂ ਲਵੇਗੀ ਜਿਸ ਨਾਲ ਲੋਕਾਂ ਦੀ ਜਾਨ-ਮਾਲ ਨੂੰ ਖ਼ਤਰਾ ਹੋਵੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਰਣਜੀਤ ਸਿੰਘ ਸਾਗਰ ਝੀਲ ਵਿੱਚ ਪਾਣੀ ਵਾਲੀਆਂ ਬੱਸਾਂ ਚਲਾਉਣ ਦੀ ਕੋਈ ਯੋਜਨਾ ਨਹੀਂ ਹੈ।

**ਘਾਟੇ ਦਾ ਸੌਦਾ ਸਾਬਤ ਹੋਏ ਖ਼ਰਚੇ ਕਰੋੜਾਂ :** ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਸ ਪ੍ਰੋਜੈਕਟ ’ਤੇ 8.63 ਕਰੋੜ ਰੁਪਏ ਖਰਚ ਕਰਨਾ ਇੱਕ ਗ਼ਲਤ ਫੈਸਲਾ ਸੀ। ਉਨ੍ਹਾਂ ਪੰਜਾਬ ਦੇ ਲੋਕਾਂ ’ਤੇ ਬੇਲੋੜੇ ਵਿੱਤੀ ਬੋਝ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਪਾਣੀ ਵਾਲੀ ਬੱਸ ਭ੍ਰਿਸ਼ਟਾਚਾਰ ਦਾ ਪ੍ਰਤੀਕ ਰਹੀ ਹੈ। ਮੰਤਰੀ ਨੇ ਕਿਹਾ ਕਿ ਇਹ ਪਾਣੀ ਵਾਲੀ ਬੱਸ ਪਹਿਲਾਂ ਵੀ ਘਾਟੇ ਵਾਲਾ ਸੌਦਾ ਸਾਬਤ ਹੋਈ ਹੈ ਕਿਉਂਕਿ ਇਸ ਉੱਤੇ ਕਰੋੜਾਂ ਰੁਪਏ ਖਰਚ ਕੀਤੇ ਗਏ ਸਨ, ਜਦੋਂ ਕਿ ਆਮਦਨ ਨਾਮਾਤਰ ਸੀ।

**ਲੋਕਾਂ ਦੀ ਭਲਾਈ ਲਈ ਵਰਤਿਆ ਜਾ ਸਕਦਾ ਸੀ ਪੈਸਾ :** ਉਨ੍ਹਾਂ ਦੁਹਰਾਇਆ ਕਿ ਇਹ ਪਾਣੀ ਵਾਲੀ ਬੱਸ ਪੂਰੀ ਤਰ੍ਹਾਂ ਬੇਕਾਰ ਹੋ ਗਈ ਹੈ ਤੇ ਭਵਿੱਖ ਵਿੱਚ ਇਸਦੇ ਚੱਲਣ ਦੀ ਕੋਈ ਸੰਭਾਵਨਾ ਨਹੀਂ ਹੈ। ਸੌਂਦ ਨੇ ਕਿਹਾ ਕਿ “ਸੁਪਰ ਫੇਲ” ਪ੍ਰੋਜੈਕਟ ਪਿਛਲੀਆਂ ਸਰਕਾਰਾਂ ਦੁਆਰਾ ਲਏ ਗਏ ਗ਼ਲਤ ਫੈਸਲਿਆਂ ਦਾ ਨਤੀਜਾ ਸੀ, ਜਿਸ ਕਾਰਨ ਜਨਤਕ ਪੈਸੇ ਦੀ ਬਰਬਾਦੀ ਹੋਈ। ਇਹ ਪੈਸਾ ਲੋਕ ਭਲਾਈ ਸਕੀਮਾਂ ਵਿੱਚ ਵਰਤਿਆ ਜਾ ਸਕਦਾ ਸੀ।

**ਕਦੋਂ ਚਲਾਈਆਂ ਗਈਆਂ ਸੀ ਬੱਸਾਂ :** ਇਹ ਬੱਸਾਂ 2016 ਵਿੱਚ ਅਕਾਲੀ-ਭਾਜਪਾ ਸਰਕਾਰ ਦੌਰਾਨ ਖਰੀਦੀਆਂ ਗਈਆਂ ਸਨ। ਇਹ ਬੱਸਾਂ ਉਸ ਸਮੇਂ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਸੁਪਨਮਈ ਪ੍ਰੋਜੈਕਟ ਸਨ। ਇਹ ਬੱਸਾਂ ਇੱਕ ਨਿੱਜੀ ਕੰਪਨੀ ਤੋਂ ਲਗਭਗ 8.5 ਕਰੋੜ ਰੁਪਏ ਦੀ ਲਾਗਤ ਨਾਲ ਖਰੀਦੀਆਂ ਗਈਆਂ ਸਨ। ਉਸ ਸਮੇਂ ਇਹ ਬੱਸਾਂ ਹਰੀਕੇ ਵੈੱਟਲੈਂਡ ਵਿੱਚ ਚਲਾਈਆਂ ਜਾਂਦੀਆਂ ਸਨ। ਇਹ ਕੁੱਲ 9.5 ਕਰੋੜ ਰੁਪਏ ਦਾ ਪ੍ਰੋਜੈਕਟ ਸੀ। ਹਾਲਾਂਕਿ, ਉਸ ਸਮੇਂ ਬੱਸਾਂ ਸਿਰਫ਼ ਦਸ ਦਿਨ ਹੀ ਚੱਲੀਆਂ ਸਨ।

## ਕਦੋਂ ਮਿਲੇਗਾ ਇਨਸਾਫ਼ ? 1984 ਸਿੱਖ ਕਤਲੇਆਮ ਨਾਲ ਸਬੰਧਤ ਮਾਮਲੇ ਵਿੱਚ ਸੱਜਣ ਕੁਮਾਰ ਵਿਰੁੱਧ ਟਲਿਆ ਫੈਸਲਾ

**ਨਵੀਂ ਦਿੱਲੀ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਮੰਗਲਵਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਾਬਕਾ ਕਾਂਗਰਸੀ ਨੇਤਾ ਸੱਜਣ ਕੁਮਾਰ ਵਿਰੁੱਧ ਫੈਸਲਾ ਮੁਲਤਵੀ ਕਰ ਦਿੱਤਾ। ਦਿੱਲੀ ਪੁਲਿਸ ਨੇ ਮਾਮਲੇ ਵਿੱਚ ਕੁਝ ਦਲੀਲਾਂ ਪੇਸ਼ ਕਰਨ ਲਈ ਸਮਾਂ ਮੰਗਿਆ ਹੈ। ਰਾਊਜ਼ ਐਵੇਨਿਊ ਵਿਖੇ ਜੱਜ ਕਾਵੇਰੀ ਬਾਵੇਜਾ ਦੀ ਅਦਾਲਤ ਨੇ ਇਸਤਗਾਸਾ ਪੱਖ ਵੱਲੋਂ ਸਮਾਂ ਮੰਗਣ ਤੋਂ ਬਾਅਦ ਫੈਸਲਾ 31 ਜਨਵਰੀ ਤੱਕ ਮੁਲਤਵੀ ਕਰ ਦਿੱਤਾ ਹੈ।



**ਕੀ ਹੈ ਪੂਰਾ ਮਾਮਲਾ ?**

1 ਨਵੰਬਰ, 1984 ਨੂੰ ਦੋ ਸਿੱਖਾਂ - ਸੋਹਣ ਸਿੰਘ ਅਤੇ ਉਸਦੇ ਜਵਾਈ ਅਵਤਾਰ ਸਿੰਘ - ਦੇ ਕਤਲ ਨਾਲ ਸਬੰਧਤ ਹੈ। ਦੂਜਾ ਮਾਮਲਾ 2 ਨਵੰਬਰ, 1984 ਨੂੰ ਗੁਰਚਰਨ ਸਿੰਘ ਨੂੰ ਜ਼ਿੰਦਾ ਸਾੜਨ ਨਾਲ ਸਬੰਧਤ ਹੈ, ਜੋ ਕਿ ਵਿਕਾਸਪੁਰੀ ਪੁਲਿਸ ਸਟੇਸ਼ਨ ਵਿੱਚ ਦਰਜ ਕੀਤਾ ਗਿਆ ਸੀ। ਸੱਜਣ ਕੁਮਾਰ ’ਤੇ ਭਾਰਤੀ ਦੰਡਾਵਲੀ (IPC) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ ਲਗਾਏ ਗਏ ਸਨ, ਜਿਨ੍ਹਾਂ ਵਿੱਚ ਦੰਗਾ, ਕਤਲ ਦੀ ਕੋਸ਼ਿਸ਼, ਧਾਰਮਿਕ ਸਮੂਹਾਂ ਵਿਚਕਾਰ ਦੁਸ਼ਮਣੀ ਵਧਾਉਣਾ ਤੇ ਨੁਕਸਾਨ ਪਹੁੰਚਾਉਣਾ ਸ਼ਾਮਲ ਹੈ। ਅਦਾਲਤ ਨੂੰ ਇਸਤਗਾਸਾ ਪੱਖ ਵੱਲੋਂ ਪੇਸ਼ ਕੀਤੇ ਗਏ ਕਾਫ਼ੀ ਜ਼ੁਬਾਨੀ ਤੇ ਦਸਤਾਵੇਜ਼ੀ ਸਬੂਤ ਮਿਲੇ ਸਨ ਜੋ ਆਪਣੀ ਇਸ ਦਲੀਲ ਦਾ ਸਮਰਥਨ ਕਰਦੇ ਹਨ ਕਿ 1 ਨਵੰਬਰ 1984 ਨੂੰ ਦਿੱਲੀ ਦੇ ਨਵਾਦਾ ਖੇਤਰ ਵਿੱਚ ਇੱਕ ਗੁਰਦੁਆਰੇ ਦੇ ਨੇੜੇ ਹਥਿਆਰਾਂ ਨਾਲ ਇੱਕ ਗੈਰ-ਕਾਨੂੰਨੀ ਇਕੱਠ ਹੋਇਆ ਸੀ। 1 ਨਵੰਬਰ ਦੀ ਘਟਨਾ ਦੇ ਸੰਬੰਧ ਵਿੱਚ ਅਦਾਲਤ ਨੇ ਪਾਇਆ ਸੀ ਕਿ ਕੁਮਾਰ ਨੇ ਪਹਿਲੀ ਨਜ਼ਰੇ ਭੀੜ ਦੇ ਹੋਰ ਅਣਪਛਾਤੇ ਮੈਂਬਰਾਂ ਨੂੰ ਗੈਰ-ਕਾਨੂੰਨੀ ਕੰਮ ਕਰਨ ਲਈ ਉਕਸਾਇਆ ਸੀ, ਜਿਸ ਵਿੱਚ ਗੁਰਦੁਆਰੇ ਨੂੰ ਸਾੜਨਾ, ਸਾਮਾਨ ਨੂੰ ਨੁਕਸਾਨ ਪਹੁੰਚਾਉਣਾ ਜਾਂ ਲੁੱਟਣਾ, ਘਰਾਂ ਨੂੰ ਸਾੜਨਾ ਤੇ ਵਿਅਕਤੀਆਂ ਨੂੰ ਨੁਕਸਾਨ ਪਹੁੰਚਾਉਣਾ ਸ਼ਾਮਲ ਸੀ। ਭੀੜ ਦਾ ਉਦੇਸ਼ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦਾ ਬਦਲਾ ਲੈਣ ਲਈ ਗੁਰਦੁਆਰੇ ਨੂੰ ਅੱਗ ਲਗਾਉਣਾ, ਇਸ ਦੇ ਸਮਾਨ ਨੂੰ ਲੁੱਟਣਾ, ਸਿੱਖ ਨਿਵਾਸ ਸਥਾਨਾਂ ਨੂੰ ਤਬਾਹ ਕਰਨਾ ਤੇ ਸਿੱਖਾਂ ਨੂੰ ਨੁਕਸਾਨ ਪਹੁੰਚਾਉਣਾ ਜਾਂ ਮਾਰਨਾ ਸ਼ਾਮਲ ਸੀ।

# AWAZE QAUM TOUR & TRAVEL UK & SINGH TRAVEL CANADA JATHA

15 ਸਾਲ ਤੋਂ ਸੰਗਤਾਂ ਦੀ ਸੇਵਾ ਕਰ ਰਹੇ ਹਾਂ – YATRA SEWA SINCE 2010

# YATRA NANKANA SAHIB

WE WILL ALSO BE VISITING 25+ GURDWARA'S AND HISTORICAL PLACES

## 20 FEBRUARY TO 27 FEBRUARY, 2025

UK, EUROPE, ITALY, CANADA, USA SANGAT CAN JOIN OUR JATHA WITH FAMILIES & FRIENDS









### YATRA INCLUDES:

- GURDWARA NANKANA SAHIB
- GURDWARA PATTI SAHIB
- GURDWARA TAMBU SAHIB
- GURDWARA KIARA SAHIB
- GURDWARA MALJI SAHIB
- GURDWARA BAL LILA SAHIB
- GURDWARA SACHA SAUDA
- GURDWARA RORI SAHIB
- GURDWARA PANJA SAHIB
- GURDWARA BEBE DI BER SIALKOT
- GURDWARA DERA SAHIB
- JANAM ASTHAN BEBE NANKI JI
- BHAI LALU JI DA GHAR
- JANAM ASTHAN GURU RAMDAS JI
- GURDWARA SHRI KARTARPUR SAHIB
- GURDWARA SHAHEED GANJ LAHORE
- MATA SAHIB KAUR JI JANAM ASTHAN
- DARBAR SAI MIAN MIR JI
- SHAHI QILA (SIKH FORT)
- SHOPPING AT ANARKALI BAZAR

### YATRA PACKAGE INCLUDES:

PAKISTAN VISA + HOTEL (TWIN SHARED) + LUXURY TRANSPORT + VEG FOOD + MINERAL WATER + TRIP YATRA PHOTO & VIDEOS + WiFi & MUCH MORE

Yatra Booking, Please contact:

**RAGHBIR SINGH**

**Tel: +44 7976 210161**


**CANADA. +1 647-231-1600 - USA. +1 716-342-6007**

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net

---

ਦਮਦਮੀ ਟਕਸਾਲ

ਨਾਮ ਜਪੋ | ਕਿਰਤ ਕਰੋ | ਵੰਡ ਛੱਕੋ

Naam Japo | Kirat Karo | Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net

---


## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


---

ਤੇਰੇ ਜਨ ਪਰਉਪਕਾਰੀ ਆਏ

## ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼ ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ

# 100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ

# 51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

### ਵਿਸ਼ੇਸ਼ ਸਹਿਯੋਗ -

**ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ**

ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ




# ਵੋਟਰ ਦਿਵਸ

## ਵੋਟਰ ਦਿਵਸ 25 ਜਨਵਰੀ

( 25 ਜਨਵਰੀ 2025 ਤੇ ਵਿਸ਼ੇਸ਼)

ਭਾਰਤ ਵਿੱਚ ਬਹੁਤ ਸਾਰੀਆਂ ਵਿਦੇਸ਼ੀ ਸ਼ਕਤੀਆਂ ਜਿਵੇਂ ਕਿ ਪੁਰਤਗਾਲੀ, ਫਰਾਂਸੀਸੀ, ਡਚ, ਚੀਨੀ ਆਦੀ ਆਈਆਂ ਤੇ ਆਪਣੇ ਅਨੁਸਾਰ ਸਾਡੇ ਦੇਸ਼ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਅਖੀਰ ਵਿੱਚ ਅੰਗਰੇਜ਼ ਭਾਰਤ ਤੇ ਕਬਜ਼ਾ ਕਰਨ ਵਿੱਚ ਸਫਲ ਹੋ ਗਏ।ਅੰਗਰੇਜ਼ਾਂ ਨੇ ਲਗਭਗ 200 ਸਾਲ ਭਾਰਤ ਤੇ ਰਾਜ ਕੀਤਾ, ਪਰ 15 ਅਗਸਤ 1947 ਨੂੰ ਭਾਰਤ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਹੋਇਆ। ਫਿਰ ਭਾਰਤ ਨੇ ਆਪਣਾ ਸੰਵਿਧਾਨ ਬਣਾ ਕੇ ਦੇਸ਼ ਦੀ ਤਰੱਕੀ ਤੇ ਵਿਕਾਸ ਕਰਨਾ ਸ਼ੁਰੂ ਕੀਤਾ। ਇਹ ਸੰਵਿਧਾਨ ਬਣਾਉਣ ਲਈ ਸੰਵਿਧਾਨ ਕਮੇਟੀ ਦੇ ਲਗਭਗ 389 ਮੈਂਬਰਾਂ ਦੀ ਸਖਤ ਮਿਹਨਤ ਨਾਲ ਬਣਾਇਆ ਗਿਆ। ਸੰਵਿਧਾਨ ਦੀ ਵਰਤੋਂ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਕੀਤੀ ਗਈ।ਭਾਰਤ ਦਾ ਸੰਵਿਧਾਨ

AWAZE QAUM
International Newspaper & WEB TV

ਵੀ ਇੰਗਲੈਂਡ ਦੇ ਸੰਵਿਧਾਨ ਨਾਲ ਕਾਫੀ ਮਿਲਦਾ ਜੁਲਦਾ ਹੈ। ਭਾਰਤੀ ਸੰਵਿਧਾਨ ਲਿਖਣਾ ਜੁਲਾਈ 1946 ਵਿੱਚ ਸ਼ੁਰੂ ਕੀਤਾ ਗਿਆ ਤੇ ਸੰਵਿਧਾਨ ਲਿਖਣ ਲਈ ਲਗਭਗ 2 ਸਾਲ 11 ਮਹੀਨੇ ਤੇ 18 ਦਿਨ ਲੱਗੇ। ਇਹ ਸੰਵਿਧਾਨ 26 ਜਨਵਰੀ 1949 ਨੂੰ ਬਣ ਕੇ ਤਿਆਰ ਹੋ ਗਿਆ।ਇਹ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ, ਜਿਸ ਅਨੁਸਾਰ ਦੇਸ਼ ਦੇ ਵਿਕਾਸ ਲਈ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਚੁਣੀਆਂ ਜਾਂਦੀਆਂ ਹਨ।ਇਸ ਸਾਰੇ ਦੇਸ਼ ਦੇ ਸਾਰੇ ਸਿਸਟਮ ਦੀ ਜਿੰਦ-ਜਾਨ ਰਾਜ ਸਰਕਾਰਾਂ ਤੇ ਕੇਂਦਰ ਸਰਕਾਰ ਹੁੰਦੀ ਹੈ।ਇਹ ਸਰਕਾਰ ਸੂਝਵਾਨ ਵੋਟਰਸ ਆਪਣੀ ਮੱਤ ਅਨੁਸਾਰ ਚੁਣਦੇ ਹਨ।ਭਾਰਤੀ ਸੰਵਿਧਾਨ ਦੇ ਅਨੁਛੇਦ 324 ਅਨੁਸਾਰ ਚੋਣ ਕਮਿਸ਼ਨ ਦੇ ਕੰਮਾਂ ਸਬੰਧੀ ਵਿਵਸਥਾ ਕੀਤੀ ਗਈ ਹੈ। ਮਤਲਬ ਕਿ ਇਸ ਅਨੁਸਾਰ ਹੀ ਭਾਰਤ ਵਿੱਚ ਚੋਣਾਂ ਕਰਵਾਈਆਂ ਜਾਂਦੀਆਂ ਹਨ। ਭਾਰਤੀ ਚੋਣ ਅਯੋਗ ਵੋਟਰਾਂ ਨੂੰ ਜਾਗਰੂਕ ਕਰਨ ਦਾ ਕੰਮ ਬਖੂਬੀ ਕਰ ਰਿਹਾ ਹੈ, ਤਾਂ ਕਿ ਹਰੇਕ ਮਤਦਾਨ ਵਿੱਚ ਮਤਦਾਤਾਵਾਂ ਦੀ ਭਾਗੀਦਾਰੀ ਨੂੰ ਵਧਾਇਆ ਜਾ ਸਕੇ। ਸਾਲ 1952 ਵਿੱਚ ਪਹਿਲੀਆਂ ਲੋਕ ਸਭਾ ਚੋਣਾਂ ਕਰਵਾਈਆਂ ਗਈਆਂ। ਸਾਲ 2019 ਵਿੱਚ 17ਵੀਂ ਲੋਕ ਸਭਾ ਚੋਣਾਂ ਕਰਵਾਈਆਂ ਗਈਆਂ ਤੇ ਹੁਣ 2024 ਵਿੱਚ ਲੋਕ ਸਭਾ ਚੋਣਾਂ ਕਰਵਾਈਆਂ ਜਾ ਚੁੱਕੀਆਂ ਹਨ।ਸਾਲ 1952 ਵਿੱਚ 17.32 ਕਰੋੜ ਮਤਦਾਤਾ ਸਨ ਤੇ ਚੋਣਾਂ ਵਿੱਚ ਭਾਗੀਦਾਰੀ 61.7% ਸੀ। ਸੰਨ 2019 ਵਿੱਚ 89.60 ਕਰੋੜ ਮਤਦਾਤਾ ਸਨ ਤੇ ਚੋਣਾਂ ਵਿੱਚ ਭਾਗੇਦਾਰੀ 67.1% ਰਹੀ ਹੈ। ਮਤਦਾਤਾਵਾਂ ਦੀ 100 ਪ੍ਰਤੀਸ਼ਤ ਭਾਗੇਦਾਰੀ ਕਰਨ ਲਈ ਆਯੋਗ ਹਮੇਸ਼ਾ ਹੀ ਸਮਾਂ ਦਰ ਸਮਾਂ ਮਿਹਨਤ ਕਰ ਰਿਹਾ ਹੈ। ਇਹਨਾਂ ਮਤਦਾਤਾਵਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਭਾਰਤੀ ਚੋਣ ਕਮਿਸ਼ਨ ਕਈ ਤਰ੍ਹਾਂ ਦੇ ਮਤ ਦਾਤਾ ਜਾਗਰੂਕਤਾ ਪ੍ਰੋਗਰਾਮ ਕਰਵਾਉਂਦਾ ਰਹਿੰਦਾ ਹੈ ਤਾਂ ਕਿ ਵੋਟਰਾਂ ਨੂੰ ਜਾਗਰੂਕ ਕਰਕੇ ਮਤਦਾਨ ਵਿੱਚ ਭਾਗੇਦਾਰੀ ਵਧਾਈ ਜਾ ਸਕੇ ਤੇ ਹਰ ਵੋਟਰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਵੇ, ਇਲੈਕਸ਼ਨ ਕਮਿਸ਼ਨ ਹਰ ਪੱਧਰ ਤੇ ਹਰ ਸੰਭਵ ਯਤਨ ਕਰਕੇ ਵੋਟਰਾਂ ਨੂੰ ਜਾਗਰੂਕ ਕਰ ਵੀ ਰਿਹਾ ਹੈ, ਜਿਹਦੀ ਸਭ ਤੋਂ ਵੱਡੀ ਉਦਾਹਰਨ ਇਹ ਹੈ ਕਿ ਕਮਿਸ਼ਨ ਹਰ ਸਾਲ ਵੋਟਰਸ ਨੂੰ ਜਾਗਰੂਕ ਕਰਨ ਲਈ ਬਹੁਤ ਸਾਰੇ ਪ੍ਰੋਗਰਾਮ ਕਰਵਾਉਂਦਾ ਹੈ ਇਹਨਾਂ ਵਿੱਚੋਂ ਹਰ ਸਾਲ 25 ਜਨਵਰੀ ਨੂੰ ਵੋਟਰ ਦਿਵਸ ਮਨਾਇਆ ਜਾਂਦਾ ਹੈ।ਨੈਸ਼ਨਲ, ਰਾਜ, ਜਿਲ੍ਹਾ, ਤਹਿਸੀਲ, ਬਲਾਕ, ਪਿੰਡ, ਸ਼ਹਿਰ ਅਤੇ ਇੱਥੋਂ ਤੱਕ ਕਿ ਹਰ ਬੂਥ ਲੈਵਲ ਤੇ ਵੋਟਰ ਦਿਵਸ ਮਨਾਉਣ ਦੇ ਪ੍ਰੋਗਰਾਮ ਕਰਵਾਏ ਜਾਂਦੇ ਹਨ ਤਾਂ ਕਿ ਹਰ ਵੋਟਰ ਤੱਕ ਪਹੁੰਚ ਕਰਕੇ ਵੋਟਰਾਂ ਨੂੰ ਜਾਗਰੂਕ ਕੀਤਾ ਜਾ ਸਕੇ। ਇਸ ਕੰਮ ਲਈ ਕਮਿਸ਼ਨ ਹਰ ਸਾਲ ਸਮੇਂ-ਸਮੇਂ ਵੋਟਰ ਜਾਗਰੂਕਤਾ 'ਤੇ ਲੱਗਣ ਵਾਲੇ ਕੈਂਪਾਂ ਦੀ ਸਪੀਕਰਾਂ ਰਾਹੀਂ ਅਨਾਉਂਸਮੈਂਟ ਕਰਵਾਉਂਦਾ ਹੈ, ਸਾਰੇ ਫਾਰਮ ਭਰਨ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਵੋਟਰ ਜਾਗਰੂਕਤਾ ਲਈ ਹਰ ਖੇਤਰ ਵਿੱਚ ਕਈ ਪ੍ਰਕਾਰ ਦੀਆਂ ਵੈਨਾਂ ਭੇਜ ਕੇ ਇਲਾਕਿਆਂ ਤੇ ਪਿੰਡਾਂ, ਸ਼ਹਿਰਾਂ ਵਿੱਚ ਇਸ ਵੈਨ ਦੇ ਰਾਹੀਂ ਵੋਟਰ ਜਾਗਰੂਕਤਾ ਦੇ ਵੀਡੀਓਜ ਵਿਖਾਏ ਜਾਂਦੇ ਹਨ, ਪੋਸਟਰ ਲਗਵਾਏ ਜਾਂਦੇ ਹਨ।ਇਲਾਕੇ ਦੀਆਂ ਸੰਸਥਾਵਾਂ ਵਿੱਚ ਪੋਸਟਰ, ਸਲੋਗਨ, ਨੁਕੜ ਨਾਟਕ, ਪੇਂਟਿੰਗਸ ਮੁਕਾਬਲੇ ਕਰਵਾਏ ਜਾਂਦੇ ਹਨ। ਵੋਟਰ ਜਾਗਰੂਕਤਾ ਰੈਲੀਆਂ ਕਰਵਾਈਆਂ ਜਾਂਦੀਆਂ ਹਨ। ਭੀੜ ਵਾਲੀਆਂ ਥਾਵਾਂ 'ਤੇ, ਸਪੈਸ਼ਲ ਥਾਵਾਂ 'ਤੇ ਕਈ-ਕਈ ਦਿਨ ਡੈਸਕ ਲਗਵਾ ਕੇ ਵੋਟਰਜ ਨੂੰ ਜਾਗਰੂਕ ਕੀਤਾ ਜਾਂਦਾ ਹੈ। ਵੱਖ-ਵੱਖ ਸੰਸਥਾਵਾਂ ਵਿੱਚ ਜਾ ਕੇ ਵਿਸ਼ੇਸ਼ ਲੈਕਚਰ ਦਿੱਤੇ ਜਾਂਦੇ ਹਨ। ਅਖਬਾਰਾਂ, ਮੈਗਜ਼ੀਨਾਂ ਵਿੱਚ ਆਰਟੀਕਲ ਛਪਵਾ ਕੇ ਤੇ ਸੋਸ਼ਲ ਮੀਡੀਆ 'ਤੇ ਵੋਟਰ ਜਾਗਰੂਕਤਾ ਦੇ ਵੀਡੀਓ ਸ਼ੇਅਰ ਕਰਕੇ, ਹਰ ਵੋਟਰ ਤੱਕ ਪਹੁੰਚ ਕੀਤੀ ਜਾਂਦੀ ਹੈ। ਇਹਨਾਂ ਵੀਡੀਓਜ ਵਿੱਚ ਦੇਸ਼ ਦੀਆਂ ਮਹਾਨ ਸ਼ਖਸੀਅਤਾਂ ਨੂੰ ਹੀ ਲਿਆ ਜਾਂਦਾ ਹੈ ਤੇ ਬੁਲਾਇਆ ਜਾਂਦਾ ਹੈ ਤਾਂ ਕਿ ਵੀਡੀਓ ਦੇਖਣ ਲਈ ਵੋਟਰਜ ਆਕਰਸ਼ਿਤ ਹੋਣ।



ਲਗਭਗ ਹਰ ਸਾਲ 25 ਜਨਵਰੀ ਨੂੰ ਵੋਟਰ ਦਿਵਸ ਮਨਾਇਆ ਜਾਂਦਾ ਹੈ। ਇਸ ਵਿੱਚ ਟੋਲ ਫਰੀ ਨੰਬਰ 1950 ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ, ਰਾਹੀਂ ਇਲੈਕਸ਼ਨ ਕਮਿਸ਼ਨ ਹਰ ਗਲੀ, ਮੁਹੱਲੇ, ਘਰ-ਘਰ ਅਤੇ ਵੋਟਰਜ ਨੂੰ ਜਾਗਰੂਕ ਕਰਨ ਲਈ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਕਮਿਸ਼ਨ ਹਰ ਪੱਧਰ 'ਤੇ ਵੋਟਰ ਦਿਵਸ ਮਨਾ ਕੇ ਵੋਟਰਜ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਵੋਟਰ ਜਾਗਰੂਕਤਾ ਦੇ ਪ੍ਰੋਗਰਾਮਾਂ ਵਿੱਚ ਵਧੀਆ ਕੰਮ ਕਰਨ ਵਾਲੇ ਮਾਨਯੋਗ ਤੇ ਸਤਿਕਾਰਯੋਗ ਅਫਸਰਾਂ, ਸੁਪਰਵਾਈਜ਼ਰ, ਬੀਐਲਓਜ, ਯੂਥ ਵੋਟਰ ਅਤੇ ਵੱਖ-ਵੱਖ ਪੱਧਰ 'ਤੇ ਵਧੀਆ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ, ਤਾਂ ਕਿ ਵੋਟਰਜ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ। ਇਸ ਦਿਵਸ ਸਬੰਧੀ ਪਿੰਡਾਂ, ਸ਼ਹਿਰਾਂ ਵਿੱਚ ਵੱਡੇ-ਵੱਡੇ ਫਲੈਕਸ ਲਗਾ ਕੇ,ਟੀਵੀ, ਸਿਨੇਮਾ, ਰੇਡੀਓ, ਅਖਬਾਰਾਂ, ਮੈਗਜ਼ੀਨਾਂ ਰਾਹੀਂ ਅਗਾਊ ਜਾਣਕਾਰੀ ਵੀ ਦਿੱਤੀ ਜਾਂਦੀ ਹੈ, ਤਾਂ ਕਿ ਹਰ ਪੱਧਰ 'ਤੇ 25 ਜਨਵਰੀ ਵਾਲੇ ਦਿਨ ਵੋਟਰ ਦਿਵਸ ਦੀ ਮਹਾਨਤਾ ਹਰ ਵੋਟਰ ਤੱਕ ਪਹੁੰਚ ਸਕੇ। ਖਾਸ ਤੌਰ 'ਤੇ ਇਸ ਸਬੰਧੀ ਜੇਕਰ ਪੰਜਾਬ ਜਾਂ ਬਠਿੰਡਾ ਜਿਲੇ ਦੀ ਗੱਲ ਕੀਤੀ ਜਾਵੇ ਤਾਂ ਜਿਲੇ ਦੇ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ, ਜ਼ਿਲ੍ਹਾ ਚੋਣ ਦਫਤਰ ਬਠਿੰਡਾ, ਹਰ ਪੱਧਰ ਦੀਆਂ ਸਵੀਪ ਟੀਮਾਂ, ਜਿਲੇ ਦੇ ਸਾਰੇ ਐਸ.ਡੀ.ਐਮ ਸਾਹਿਬਾਨ, ਸੁਪਰਵਾਈਜ਼ਰ ਅਤੇ ਬੀਐਲਓਜ, ਬਾਖੂਬੀ ਇਸ ਦਿਵਸ ਨੂੰ ਮਨਾਉਣ, ਜਾਗਰੂਕ ਕਰਨ ਤੇ ਇਲੈਕਸ਼ਨ ਕਮਿਸ਼ਨ ਦੇ ਸਮੇਂ-ਸਮੇਂ 'ਤੇ ਚੱਲ ਰਹੇ ਵੋਟਰ ਜਾਗਰੂਕਤਾ ਪ੍ਰੋਗਰਾਮਾਂ ਅਤੇ ਵੋਟਰਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ।

ਆਓ ਆਪਾਂ ਸਾਰੇ ਪ੍ਰਣ ਕਰੀਏ ਕਿ ਜਦ ਵੀ ਚੋਣਾਂ ਹੋਣ 100% ਮਤਦਾਨ ਕਰਕੇ ਅਸੀਂ ਆਪਣੇ ਫਰਜ਼ ਨੂੰ ਨਿਭਾਵਾਂਗੇ। ਭਾਰਤੀ ਚੋਣ ਕਮਿਸ਼ਨ ਦੇ ਉਦੇਸ਼ ਨੂੰ ਪੂਰਾ ਕਰਕੇ ਦੇਸ਼ ਦੀ ਵਧੀਆ ਸਰਕਾਰ ਚੁਣ ਕੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾਵਾਂਗੇ।

**-ਮੋਤੀ ਰਾਮ, ਸੁਪਰਵਾਈਜ਼ਰ ਸੈਕਟਰ ਨੰਬਰ 10**
**ਹਲਕਾ 093 ਦਿਹਾਤੀ ਬਠਿੰਡਾ**
**ਸੰਪਰਕ: 94 17114600**

Waheguru Ji Ka Khalsa
Waheguru Ji Ke Fateh

Please join us to commemorate the 5th Barsi
In memory of our dearly beloved



# S. Serbjit Singh Landa

## SRI AKHAND PAATH SAHIB

31st January 2025 - 02nd February 2025

At Gurdwara Baba Budha Ji, Miri Piri House
329 Haydn Road, Nottingham, NG5 1DG

| | | |
|---|---|---|
| Friday 31st Jan 2025 | 10.00 am | Arambh Sri Akhand Paath Sahib |
| Sunday 2nd Feb 2025 | 11.00 am | Bhog Sri Akhand Paath Sahib |
| | 12.00 pm | Kirtan by Bhai Jagtar Singh Ji (Jammu Wale) |

Guru Ji Ka Langar will be served throughout the programme.

The Landa family warmly invites you to join us at the Gurdwara Sahib to seek Guru Ji's blessings.

For additional information, please contact
S. Karamjit Singh Landa - 07855 979 263

ਆਵਾਜ਼ਿ ਕੌਮ AWAZE QAUM International Newspaper & WEB TV




**ਸਿੰਘ ਸਾਹਿਬੀ ਦਸਤਾਰ**

# ਦਸਤਾਰਾਂ ਆਪਣੀ-ਆਪਣੀ ਜਥੇਬੰਦੀ ਦੀ ਮਰਯਾਦਾ ਨਾਲ ਸਜਾਈਆਂ ਜਾਂਦੀਆ ਹਨ

ਦਸਤਾਰਾਂ ਸਭ ਆਪਣੀ ਆਪਣੀ ਜਥੇਬੰਦੀ ਦੀ ਮਰਯਾਦਾ ਨਾਲ ਸਜਾਈਆਂ ਜਾਂਦੀਆ ਹਨ ਸਭਨਾ ਦੀਆਂ ਦਸਤਾਰਾਂ ਦਾ ਨੂੰ ਸੀਸ ਝੁਕਦਾ ਹੈ ਪਰ ਸਿੰਘ ਸਭਾਈ ਦਸਤਾਰ ਬਾਰੇ ਮੇਰੇ ਤੁਛ ਬੁਧੀ ਅਨੁਸਾਰ ਵਿਚਾਰ ਅਜ ਮੇਰੇ ਪਰਮ ਮਿੱਤਰ ਕੌਮ ਦੇ ਮਹਾਨ ਵਿਦਵਾਨ ਭਾਈ ਕੁਲਵਿੰਦਰ ਸਿੰਘ ਭੋਗਪੁਰ ਜੀ ਸਿੰਘ ਸਭਾਈ



ਦਸਤਾਰ ਸਜਾਈ ਮੈਨੂੰ 2005 ਵਿਚ ਇਕ ਮਹਾਨ ਅਸਥਾਨ ਤੇ ਇਕ ਬਹੁਤ ਵੱਡੇ ਇਤਿਹਾਸਕ ਦਿਹਾੜੇ ਤੇ ਕਰੀਬ ਕਰੀਬ ਕੁਝ ਵਿਦਵਾਨਾ ਨੇ ਮੇਰੀ ਦਸਤਾਰ ਦੇਖਕੇ ਮਸ਼ਕਰੀ ਕੀਤੀ ਕਿਉਂਕਿ ਮੈ ਉਸ ਸਮੇ ਅਜੇ ਫੀਲਡ ਵਿਚ ਵਿਚਰਨਾ ਸ਼ੁਰੂ ਹੀ ਕੀਤਾ ਸੀ ਮੈਨੂੰ ਮਸ਼ਕਰੀ ਵਿਚ ਕਹਿਣ ਲਗੇ ਤੇਰੀ ਪੱਗ ਦੇ ਪੇਜ ਬਹੁਤ ਹਨ ਘਟੋ ਘਟ ਇਕ ਘੰਟਾ ਤਾਂ ਲਗਦਾ ਹੋਵੇਗਾ ਬਹੁਤ ਹਾਸਾ ਠੱਠਾ ਕੀਤਾ

ਮੈ ਉਹਨਾ ਸਾਹਮਣੇ ਬਹੁਤ ਛੋਟਾ ਸੀ ਮੈ ਉਹਨਾ ਦਾ ਸਤਿਕਾਰ ਵੀ ਕਰਦਾ ਸੀ ਕਿਉਂਕਿ ਪੰਥ ਦੇ ਮਹਾਨ ਵਿਦਵਾਨ ਸਨ

ਮੈਨੂੰ ਯਾਦ ਹੈ ਉਹਨਾ ਵਿਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੀ ਸੀ ਜਦੋਂ ਆਪਣੀ ਆਪਣੀ ਗਲ ਕਰਕੇ ਚੁਪ ਹੋਏ ਤਾਂ ਮੈ ਬੇਨਤੀ ਕੀਤੀ ਮੈ ਕੁਝ ਕਹਾਂ

ਮੈ ਕਿਹਾ ਪਹਿਲੀ ਗਲ ਇਹ ਪੱਗ ਨਹੀ ਦਸਤਾਰ ਹੈ ਫਿਰ ਮੈ ਉਹਨਾ ਨੂੰ ਪੁਛਿਆ ਜਿਹੜੀਆਂ ਪੱਗਾਂ ਤੁਸੀਂ ਬਧੀਆਂ ਕਿਵੇਂ ਬੰਨਦੇ ਹੋ

ਕਹਿਣ ਲਗੇ ਇਕ ਪਲਾ ਕੁੰਡੇ ਨਾਲ ਬੰਨ ਲਈਦਾ ਪੋਣੀ ਕਰਕੇ ਬੰਨ ਲਈਦੀ ਮੈ ਕਿਹਾ ਪਹਿਲੇ ਪੱਲੇ ਨੂੰ ਕਿਵੇ ਰਖਦੇ ਹੋ ?

ਕਹਿੰਦੇ ਮੂੰਹ ਵਿਚ ਪਾ ਲਈਦਾ ਮੈ ਕਿਹਾ ਗੁਰੂ ਸਾਹਿਬ ਦਾ ਪ੍ਰਕਾਸ਼ ਵੀ ਕਰਦੇ ਹੋਵੋਗੇ ?

ਕਹਿੰਦੇ ਬਿਲਕੁਲ ਮੈ ਕਿਹਾ ਇਹੋ ਫਰਕ ਹੈ ਥੁੱਕ ਨਾਲ ਤਾਂ ਪੱਗ ਦਾ ਪਲਾ ਗਿਲਾ ਹੋ ਜਾਂਦਾ ਜੂਠੇ ਪੱਲੇ ਤੇ ਪਲਕ ਰਖਕੇ ਸਰੂਪ ਲੈਂਦੇ ਹੋ

ਇਸ ਦਸਤਾਰ ਦਾ ਪੱਲਾ ਮੂੰਹ ਵਿੱਚ ਨਹੀ ਲੈਣਾ ਪੈਂਦਾ ਜੂਠੀ ਨਹੀ ਹੁੰਦੀ ਹੋਰ ਸੁਣੋ ਇਸ ਨੂੰ ਸਜਾਉਣ ਲਈ ਇਕ ਘੰਟਾ ਨਹੀ

ਮਹਿਜ਼ ਦੋ ਤੋ ਪੰਜ ਮਿੰਟ ਲਗਦੇ ਹਨ ਇਸ ਦਸਤਾਰ ਦੇ ਦੱਸ ਪੇਜ ਪੂਰੇ ਨੇ ਗਿਣ ਲੋ ਮੈ ਉਹਨਾ ਸਾਰਿਆਂ ਨਾਲੋ ਛੋਟਾ ਸੀ ਮੇਰੀ ਗਲ ਸੁਣਕੇ ਚੁਪ ਹੋ ਗਏ ਪ੍ਰਬੰਧਕ ਕਹਿਣ ਲਗੇ ਜਵਾਬ ਦਿਓ ਹੁਣ ਪਰ

ਲਾਜਵਾਬ ਹੋ ਗਏ ਮੈ ਕਿਹਾ ਮੈ ਤੁਹਾਨੂੰ ਛੋਟਾ ਦਿਖਾਉਣ ਲਈ ਨਹੀ ਕਿਹਾ ਸਿਰਫ ਇਸ ਦਸਤਾਰ ਦੇ ਗੁਣ ਦਸੇ ਹਨ

ਆਪ ਸਭਨਾ ਨੂੰ ਵੀ ਬੇਨਤੀ ਹੈ ਜਿਹੜੇ ਗੁਰੂ ਦੇ ਪਿਆਰੇ ਗੁਰੂ ਸਾਹਿਬ ਦਾ ਪ੍ਰਕਾਸ਼ ਕਰਦੇ ਹਨ ਖਿਆਲ ਰੱਖਣਾ ਗੋਲ ਦਸਤਾਰ ਹੋਵੇ ਦੁਮਾਲਾ ਹੋਵੇ ਸਿੰਘ ਸਭਾਈ ਦਸਤਾਰ ਹੋਵੇ ਤਾਂਕਿ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਹਾਲ ਰਹੇ

ਦਸਤਾਰ ਕੋਈ ਵੀ ਹੋਵੇ ਜਦੋਂ ਸਿਖ ਦੇ ਸੀਸ ਤੇ ਸੱਜਦੀ ਹੈ ਤਾਂ ਤਾਜ ਨਾਲੋਂ ਵੀ ਜਿਆਦਾ ਸੋਹਣੀ ਲਗਦੀ ਹੈ

ਕੋਈ ਵੀ ਦਸਤਾਰ ਸਜਾਓ ਸਜਾਓ ਜਰੂਰ

**ਗੁਰੂ ਪੰਥ ਦਾ ਕੂਕਰ ਭੁਪਿੰਦਰ ਸਿੰਘ ਗਦਲੀ**

# ਸਾਲਾਨਾ ਜੋੜ ਮੇਲਾ ਮੰਢਾਲੀ 30 ਜਨਵਰੀ ਦਿਨ ਵੀਰਵਾਰ ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ- ਪ੍ਰਧਾਨ ਜਥੇਦਾਰ ਨਿਹੰਗ ਬਾਬਾ ਜੋਗਾ ਸਿੰਘ ਜੀ ਮੰਢਾਲੀ



ਜਨਮ ਦਿਹਾੜਾ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਮਿਤੀ 30 ਜਨਵਰੀ 2025 ਦਿਨ ਵੀਰਵਾਰ ਨੂੰ ਗੁਰਦੁਆਰਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਨਗਰ ਮੰਢਾਲੀ ਤਹਿਸੀਲ ਬੰਗਾ (ਨਵਾਂਸ਼ਹਿਰ) ਨੇੜੇ ਫ਼ਗਵਾੜਾ ਵਿਖੇ ਜਥੇਦਾਰ ਨਿਹੰਗ ਬਾਬਾ ਜੋਗਾ ਸਿੰਘ ਜੀ ਦੀ ਅਗੁਵਾਈ ਚ ਮਨਾਇਆ ਜਾ ਰਿਹਾ ਹੈ ਸ੍ਰੀ ਅਖੰਡ ਪਾਠ ਸਾਹਿਬ ਆਰੰਭ 28 ਜਨਵਰੀ 2025 ਦਿਨ ਮੰਗਲਵਾਰ ਨੂੰ ਹੋਣਗੇ ਜਿੰਨਾ ਦੇ ਭੋਗ ਮਿਤੀ 30 ਜਨਵਰੀ 2025 ਨੂੰ ਪਾਏ ਜਾਣਗੇ ਭੋਗ ਉਪਰੰਤ ਕਥਾ ਕੀਰਤਨ ਅਤੇ ਢਾਡੀ ਸਿੰਘਾਂ ਵੱਲੋਂ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਵਿਸ਼ੇਸ਼ ਤੌਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਜੀ , ਜਥੇਦਾਰ ਬਾਬਾ ਜੋਗਾ ਸਿੰਘ ਤਰਨਾ ਦਲ ਬਾਬਾ ਬਕਾਲਾ ਸਾਹਿਬ ਵਾਲੇ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਵਾਲੇ , ਜਥੇਦਾਰ ਬਾਬਾ ਸੁਖਦੇਵ ਸਿੰਘ ਜੀ ਮੁੱਖ ਬੁਲਾਰਾ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ, ਗਿਆਨੀ ਹੀਰਾ ਸਿੰਘ ਜੀ ਪ੍ਰਚਾਰਕ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ) ਜਥੇਦਾਰ ਬਾਬਾ ਮੇਜਰ ਸਿੰਘ ਜੀ ਵੱਡੀ ਦਸਤਾਰ ਵਾਲੇ (ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ), ਬਾਬਾ ਨੌਰੰਗ ਸਿੰਘ ਜੀ (ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ), ਸਾਈ ਉਮਰੇ ਸ਼ਾਹ ਜੀ ਕਾਦਰੀ, ਅਤੇ ਹੋਰ ਅਨੇਕਾਂ ਸੰਤ ਮਹਾਂਪੁਰਸ਼ ਪੁੱਜ ਰਹੇ ਹਨ ਅਤੇ ਢਾਡੀ ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਬੀਰ ਰਸੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਸਮਾਪਤੀ ਉਪਰੰਤ ਘੋੜ ਦੌੜਾਂ ਹੋਣਗੀਆਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ । ਇਸ ਸਮੇਂ ਗ੍ਰੰਥੀ ਭਾਈ ਪਰਮਜੀਤ ਸਿੰਘ ਜੀ ਖਾਲਸਾ , ਗ੍ਰੰਥੀ ਭਾਈ ਜਸਵੰਤ ਸਿੰਘ ਜੀ ,ਭਾਈ ਤਰਸੇਮ ਸਿੰਘ ਇਟਲੀ, ਭਾਈ ਪਰਮਜੀਤ ਸਿੰਘ ਦਮਦਮੀ ਟਕਸਾਲ, ਭਾਈ ਸੁਖਦੇਵ ਸਿੰਘ ਇਟਲੀ , ਪ੍ਰਧਾਨ ਭਾਈ ਪਰਮਿੰਦਰ ਸਿੰਘ ਪੱਪੂ , ਡਾ: ਭਾਈ ਇੰਦਰਜੀਤ ਸਿੰਘ ਬਜੂਹਾ , ਭਾਈ ਮੱਖਣ ਸਿੰਘ , ਸਿਮਰਨ ਸਿੰਘ,ਗਗਨਦੀਪ ਸਿੰਘ , ਹਰਜਾਪ ਸਿੰਘ, ਸੇਵਾਦਾਰ ਪ੍ਰਸ਼ਾਂਤ ਰਾਏ ਆਦਿ ਹਾਜਿਰ ਸਨ।

ਪਹਿਲੀ ਸੰਸਾਰ ਇਕੱਤਰਤਾ ਅੰਦਰ ਪੰਜਾਬ ਵਿੱਚ ਇੰਡੀਅਨ ਸੁਰੱਖਿਆ ਦਸਤਿਆਂ ਵੱਲੋਂ ਕੀਤੀਆਂ

# ਜਬਰੀ ਗੁੰਮਸ਼ੁਦਗੀਆਂ ਬਾਰੇ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਦੇ ਨੁਮਾਇੰਦਿਆਂ ਨੇ ਚੁੱਕਿਆ ਮੁੱਦਾ




**ਨਵੀਂ ਦਿੱਲੀ, 21 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:-ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਦੇ ਨੁਮਾਇੰਦਿਆਂ ਨੇ ਜਨੇਵਾ ਵਿੱਚ ਜਬਰੀ ਗੁੰਮਸ਼ੁਦਗੀਆਂ ਬਾਰੇ ਪਹਿਲੀ ਸੰਸਾਰ ਇਕੱਤਰਤਾ (ਵਰਲਡ ਕਾਂਗਰਸ ਆਨ ਇਨਫੋਰਸਡ ਡਿਸਅਪੀਅਰੈਂਸਿਸ) ਵਿੱਚ ਹਿੱਸਾ ਲਿਆ ਜਿੱਥੇ ਉਹਨਾਂ ਨੇ ਦੁਨੀਆਂ ਭਰ ਦੇ ਨੁਮਾਇੰਦਿਆਂ, ਕੌਮਾਂਤਰੀ ਮਾਹਰਾਂ ਦੇ ਨਾਲ ਨਾਲ ਸੰਯੁਕਤ ਰਾਸ਼ਟਰ ਦੇ ਮੁੱਖ ਅਧਿਕਾਰੀਆਂ ਅਤੇ ਨੁਮਾਇੰਦਿਆਂ ਨਾਲ ਗਲਬਾਤ ਕੀਤੀ ਜਿਹੜੇ ਜਬਰੀ ਗੁੰਮਸ਼ੁਦਗੀਆਂ ਦੇ ਮਾਮਲੇ ਤੇ ਕੰਮ ਕਰਨ ਵਾਲੇ ਮਨੁੱਖੀ ਅਧਿਕਾਰ ਤੰਤਰ ਦੀ ਅਗਵਾਈ ਕਰਦੇ ਹਨ। ਬੀਤੀ 15-16 ਜਨਵਰੀ ਨੂੰ ਜਨੇਵਾ ਵਿੱਚ ਹੋਈ ਇਹ ਇੱਕਤਰਤਾ, ਸੰਯੁਕਤ ਰਾਸ਼ਟਰ ਦੀ ਜਬਰੀ ਗੁੰਮਸ਼ੁਦਗੀਆਂ ਬਾਰੇ ਸਭਾ ਸੰਯੁਕਤ ਰਾਸ਼ਟਰ ਦਾ ਜਬਰੀ ਗੁੰਮਸ਼ੁਦਗੀਆਂ ਬਾਰੇ ਕਾਰਜਕਾਰੀ ਗੁੱਟ, ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਫ਼ਤਰ ਦੇ ਮੁਖੀ ਅਤੇ ਜਬਰੀ ਗੁੰਮਸ਼ੁਦਗੀਆਂ ਵਿਰੁੱਧ ਸਭਾ ਦੇ ਉੱਦਮ ਵੱਲੋਂ ਸਾਂਝੇ ਤੌਰ ਤੇ ਕਰਵਾਈ ਗਈ ਸੀ। ਇਸ ਇਕੱਠ ਵਿੱਚ ਸਿੱਖ ਨੁਮਾਇੰਦਿਆਂ ਨੇ ਪੰਜਾਬ ਵਿੱਚ ਇੰਡੀਅਨ ਸੁਰੱਖਿਆ ਦਸਤਿਆਂ ਵੱਲੋਂ ਆਜ਼ਾਦ ਖਾਲਿਸਤਾਨ ਲਈ ਰਾਜਨੀਤਿਕ ਲਾਮਬੰਦੀ ਅਤੇ ਵੱਡੀ ਹਿਮਾਇਤ ਨੂੰ ਦਬਾਉਣ ਲਈ ਕੀਤੀਆਂ ਜਬਰੀ ਗੁੰਮਸ਼ੁਦਗੀਆਂ ਦਾ ਮੁੱਦਾ ਚੁੱਕਿਆ।

> ਸਾਕਾ ਨੀਲਾ ਤਾਰਾ ਉਪਰੰਤ ਇਕ ਦਹਾਕੇ ਤਕ ਪੁਲਿਸ ਵਲੋਂ ਕਿਸੇ ਨੂੰ ਵੀ ਮਨਮਰਜੀ ਨਾਲ ਹਿਰਾਸਤ ਵਿੱਚ ਰੱਖਣਾ, ਤਸੀਹੇ ਦੇਣਾ ਅਤੇ ਕੀਤੇ ਗਏ ਗੈਰ-ਕਾਨੂੰਨੀ ਕਤਲਾਂ ਬਾਰੇ ਦਿੱਤੀ ਜਾਣਕਾਰੀ

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਤੋਂ ਤੁਰੰਤ ਬਾਅਦ ਇੰਡੀਅਨ ਸੁਰੱਖਿਆ ਬਲਾਂ ਨੇ "ਓਪਰੇਸ਼ਨ ਵੁੱਡਰੋਜ਼" ਨਾਮੀ ਗੁਪਤ ਕਾਰਵਾਈ ਸ਼ੁਰੂ ਕੀਤੀ ਸੀ ਜਿਸ ਤਹਿਤ ਪੰਜਾਬ ਵਿੱਚੋਂ ਹਜਾਰਾਂ ਸਿੱਖ ਨੌਜਵਾਨਾਂ ਨੂੰ ਲਾਪਤਾ ਕਰ ਦਿੱਤਾ ਗਿਆ ਸੀ। ਪੰਜਾਬ ਵਿੱਚੋਂ ਸਿੱਖਾਂ ਦੇ ਨਸਲੀ ਸਫਾਏ ਲਈ ਵਰਤੀ ਗਈ ਇਹ ਨੀਤੀ ਅਗਲਾ ਤਕਰੀਬਨ ਇਕ ਦਹਾਕਾ ਜਾਰੀ ਰਹੀ ਜਿਸ ਵਿੱਚ ਕਿਸੇ ਨੂੰ ਵੀ ਮਨਮਰਜੀ ਨਾਲ ਹਿਰਾਸਤ ਵਿੱਚ ਰੱਖਣਾ, ਤਸੀਹੇ ਦੇਣਾ ਅਤੇ ਗੈਰ-ਕਾਨੂੰਨੀ ਕਤਲ ਸ਼ਾਮਿਲ ਸਨ । ਸਿੱਖ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਨੇ ਅਜਿਹੇ ਹਜਾਰਾਂ ਕਤਲਾਂ ਅਤੇ ਸਮੂਹਿਕ ਸੰਸਕਾਰਾਂ ਦਾ ਵੇਰਵਾ ਲੱਭਕੇ ਦਸਤਾਵੇਜ ਕੀਤਾ ਸੀ । ਆਖਰਕਾਰ ਇੰਡੀਅਨ ਨਿਜ਼ਾਮ ਦੀਆਂ ਵਧੀਕੀਆਂ ਦਾ ਦੁਨੀਆ ਸਾਹਮਣੇ ਪਰਦਾਫਾਸ਼ ਕਰਨ ਅਤੇ ਲਾਪਤਾ ਹੋਏ ਲੋਕਾਂ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਉਸ ਮਨੁਖੀ ਹੱਕਾਂ ਦੇ ਕਾਰਕੂਨ ਨੂੰ ਵੀ ਇੰਡੀਅਨ ਸੁਰੱਖਿਆ ਬਲਾਂ ਵੱਲੋਂ ਕਤਲ ਕਰਕੇ ਲਾਪਤਾ ਕਰ ਦਿੱਤਾ ਗਿਆ ਸੀ । 1849 ਵਿੱਚ ਅੰਗਰੇਜਾਂ ਵੱਲੋਂ ਸਿਰਕਾਰ-ਏ-ਖਾਲਸਾ ਤੋੜਨ ਅਤੇ ਪੰਜਾਬ ਦੇ ਬਸਤੀਕਰਨ ਤੋਂ ਲੈ ਕੇ ਹੁਣ ਤੱਕ ਗੁਰੂ ਖਾਲਸਾ ਪੰਥ ਆਪਣਾ ਸੁਤੰਤਰ ਰਾਜ ਮੁੜ ਕਾਇਮ ਕਰਨ ਅਤੇ ਅਜਾਦ ਮੁਲਕ ਖਾਲਿਸਤਾਨ ਬਣਾਉਣ ਲਈ ਲਗਾਤਾਰ ਤੱਤਪਰ ਹੈ। ਇਸਦੇ ਜਵਾਬ ਵਿੱਚ ਇੰਡੀਅਨ ਹਕੂਮਤ ਨੇ ਸਵੈ-ਨਿਰਣੇ ਦੇ ਹੱਕ ਸਬੰਧੀ ਕਿਸੇ ਵੀ ਰਾਜਨੀਤਿਕ ਹੱਲ ਲਈ ਇਨਕਾਰ ਕੀਤਾ ਹੈ ਅਤੇ ਇਸ ਇਲਾਕੇ ਉੱਤੇ ਆਪਣਾ ਰਾਜਨੀਤਿਕ ਗਲਬਾ ਕਾਇਮ ਰੱਖਣ ਲਈ ਸਿੱਖ ਰੋਹ ਨੂੰ ਹਿੰਸਕ ਢੰਗ ਨਾਲ ਕੁਚਲਣ ਲਈ ਮਾਰੂ ਤਾਕਤ ਦੀ ਵਰਤੋਂ ਕਰਦੀ ਆ ਰਹੀ ਹੈ। ਇੱਥੇ ਬੋਲਦਿਆਂ ਸਿੱਖ ਫੈਡਰੇਸ਼ਨ ਦੇ ਨੁਮਾਇੰਦੇ ਭਾਈ ਮੋਨਿੰਦਰ ਸਿੰਘ ਨੇ ਕਿਹਾ ਕਿ ਅਸੀਂ ਕੌਮਾਂਤਰੀ ਲਹਿਰਾਂ ਅਤੇ ਭਾਈਚਾਰਿਆਂ, ਖਾਸ ਤੌਰ ਤੇ ਪੂਰੇ ਦੱਖਣ ਦੇ ਲੋਕਾਂ ਜਿਹਨਾਂ ਨੇ ਕੌਮਾਂਤਰੀ ਮਨੁੱਖੀ ਅਧਿਕਾਰ ਢਾਂਚੇ ਦੀ ਰੂਪ ਰੇਖਾ ਘੜਨ ਵਿੱਚ ਯੋਗਦਾਨ ਪਾਇਆ, ਦਾ ਸਨਮਾਨ ਕਰਦਿਆਂ ਇਹ ਯਕੀਨੀ ਬਨਾਉਣ ਲਈ ਨਿਆਂ ਦੇ ਮਹੱਤਵ ਤੇ ਜ਼ੋਰ ਦਿੱਤਾ ਕਿ ਮਨੁੱਖੀ ਅਧਿਕਾਰ ਸੰਸਥਾਵਾਂ ਕੇਵਲ ਹਿੰਸਾ ਦੀਆਂ ਘਟਨਾਵਾਂ ਦੀ ਪੜਚੋਲ ਕਰਨ ਤੱਕ ਹੀ ਨਾ ਸੀਮਿਤ ਹੋਣ ।ਸਗੋਂ, ਕੌਮਾਂਤਰੀ ਮੰਚਾਂ ਨੂੰ ਉਹਨਾਂ ਮੌਲਿਕ ਮੁੱਦਿਆਂ ਨੂੰ ਹੱਲ ਕਰਨ ਦੀ ਇੱਛਾ ਸ਼ਕਤੀ ਦਿਖਾਉਣੀ ਚਾਹੀਦੀ ਹੈ ਜੋ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਵਾਲੀਆਂ ਹਾਲਤ ਪੈਦਾ ਕਰਦੇ ਹਨ ਕਿਉਂਕਿ ਮਨੁੱਖੀ ਅਧਿਕਾਰ ਰਾਜਨੀਤਿਕ ਸੰਘਰਸ਼ ਅਤੇ ਰਾਜਸੀ ਮੁਕਤੀ ਦੀ ਥਾਂ ਨਹੀਂ ਲੈ ਸਕਦੇ। ਸਿੱਖ ਨੁਮਾਇੰਦਿਆਂ ਨੇ ਸੰਸਾਰ ਭਰ ਦੇ, ਖਾਸ ਤੌਰ ਤੇ ਦੱਖਣੀ ਏਸ਼ੀਆ ਦੇ ਹੋਰ ਕਾਰਕੁਨਾਂ ਨਾਲ ਆਪਣੀ ਇੱਕਜੁਟਤਾ ਦਿਖਾਈ ਅਤੇ ਅੱਗੇ ਵੱਧਦਿਆਂ ਆਪਸੀ ਸਹਿਯੋਗ ਵਧਾਉਣ ਦੀ ਲੋੜ ਤੇ ਚਰਚਾ ਕੀਤੀ। ਆਪਣੀਆਂ ਸਾਂਝੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਜੋਕੇ ਸੰਸਾਰ ਦੀਆਂ ਅਸਾਵੀਆਂ ਸੰਸਥਾਵਾਂ ਤੇ ਨਿਰਭਰ ਰਹਿਣ ਦੀ ਬਜਾਏ ਸਿੱਖ ਨੁਮਾਇੰਦਿਆਂ ਨੇ ਅਸੰਤੁਲਤ ਵਿਸ਼ਵ ਪ੍ਰਬੰਧ ਨੂੰ ਚੁਣੌਤੀ ਦੇਣ ਲਈ ਦੁਨੀਆਂ ਦੇ ਮੰਚਾਂ ਦੀ ਵਰਤੋਂ, ਦੁਨੀਆਂ ਭਰ ਦੇ ਲੋਕਾਂ ਨਾਲ ਸਿੱਧੇ ਸੰਵਾਦ ਵਿੱਚ ਸ਼ਾਮਿਲ ਹੋਣ ਅਤੇ ਖਾਲਿਸਤਾਨ ਵਿੱਚ ਸੰਕਲਪਿਤ ਸਰਬਤ ਦੇ ਭਲੇ ਅਤੇ ਨਿਆਂਪੂਰਨ ਰਾਜ ਦੇ ਸਿੱਖ ਦ੍ਰਿਸ਼ਟੀਕੋਣ ਨੂੰ ਨਿਧੜਕ ਹੋ ਕੇ ਪੇਸ਼ ਕਰਨ ਤੇ ਜੋਰ ਦਿੱਤਾ ਗਿਆ।

ਅਖੌਤੀ ਸੰਤ ਰਾਮਪਾਲ ਦੇ ਡੇਰੇ ਵਲੋਂ ਗੁਰੂ ਨਾਨਕ ਸਾਹਿਬ ਬਾਰੇ

# ਵਿਵਾਦਤ ਪ੍ਰਚਾਰ ਕਰਕੇ ਦੇਸ਼ ਵਿੱਚ ਫ਼ਿਰਕੂ ਤਣਾਅ ਫੈਲਾਣ ਦੀ ਕੋਸ਼ਿਸ਼: ਪਰਮਜੀਤ ਸਿੰਘ ਵੀਰਜੀ

**ਨਵੀਂ ਦਿੱਲੀ, 21 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:-ਧਰਮ ਤਾਂ ਦੁਨੀਆਂ ਵਿਚ ਹੋਰ ਵੀ ਬਥੇਰੇ ਹਨ ਅਤੇ ਧਰਮ ਸਥਾਨ ਵੀ ਬੇਸ਼ੁਮਾਰ ਹਨ ਪਰ ਜਿੰਨੀਆਂ ਬੇਹੂਦਾ ਤੇ ਘਿਨਾਉਣੀਆਂ ਖ਼ਬਰਾਂ ਸਿੱਖ ਪੰਥ ਨੂੰ ਵੰਗਾਰ ਪਾਉਣ ਲਈ ਪੜ੍ਹਨ ਨੂੰ ਮਿਲਦੀਆਂ ਹਨ, ਉਸ ਦਾ ਕੋਈ ਸ਼ੁਮਾਰ ਨਹੀਂ। ਕਿਸੇ ਦਿਨ ਖ਼ਬਰ ਪੜ੍ਹਨ ਨੂੰ ਮਿਲਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਹੈ। ਅਗਲੇ ਦਿਨ ਖ਼ਬਰ ਆਉਂਦੀ ਹੈ ਕਿ ਫਲਾਣੇ ਬੰਦੇ ਨੇ ਸਿੱਖ ਪੰਥ ਵਿਰੁੱਧ ਗਲਤ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ । ਇਸੇ ਕੜੀ ਅੰਦਰ ਅਖੌਤੀ ਸੰਤ ਰਾਮਪਾਲ ਜੋ ਕਿ ਚਾਰ ਔਰਤਾਂ ਅਤੇ ਇੱਕ ਬੱਚੇ ਦੀ ਹੱਤਿਆ ਅਤੇ ਹੋਰ ਕਈ ਮਾਮਲੇਆਂ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ ਦੇ ਡੇਰੇ ਵਲੋਂ ਭਗਤ ਕਬੀਰ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਗੁਰੂ ਦਸਦਿਆਂ ਗਲਤ ਪ੍ਰਚਾਰ ਕਰਣਾ ਸ਼ੁਰੂ ਕੀਤਾ ਹੋਇਆ ਹੈ ਜਿਸ ਨਾਲ ਪੰਥ ਦੀਆਂ ਭਾਵਨਾਵਾਂ ਨਾਲ ਵੱਡਾ ਖਿਲਵਾੜ ਕੀਤਾ ਜਾ ਰਿਹਾ ਹੈ । ਅਖੌਤੀ ਸੰਤ ਰਾਮਪਾਲ ਦਾ ਡੇਰਾ ਇਕ ਲੁਕਵੀ ਸਾਜ਼ਿਸ਼ ਤਹਿਤ ਜਾਣਬੁਝ ਕੇ ਦੇਸ਼ ਦੇ ਮਾਹੌਲ ਨੂੰ ਲੰਬੂ ਲਾਉਣ ਦੀ ਘਿਣਾਉਣੀ ਚਾਲ ਚਲ ਰਿਹਾ ਹੈ । ਪਰਮਜੀਤ ਸਿੰਘ ਵੀਰਜੀ ਨੇ ਦਸਿਆ ਕਿ ਭਗਤ ਕਬੀਰ ਜੀ ਜੋ ਕਿ ਗੁਰੂ ਨਾਨਕ ਸਾਹਿਬ ਤੋਂ ਬਹੁਤ ਪਹਿਲਾਂ ਹੋਏ ਸਨ ਓਹ ਭਗਤ ਹਨ ਸਤਿਕਾਰ ਯੋਗ ਹਨ ਪਰ ਕਦਾਚਿੱਤ ਗੁਰੂ ਨਾਨਕ ਸਾਹਿਬ ਜੀ ਦੇ ਗੁਰੂ ਨਹੀਂ ਸਨ । ਗੁਰੂ ਨਾਨਕ ਸਾਹਿਬ ਜੀ ਨੇ ਆਪ ਗੁਰਬਾਣੀ ਵਿਚ ਜਦੋ ਜੋਗੀ ਗੁਰੂ ਸਾਹਿਬ ਨੂੰ ਪੁੱਛਦੇ ਸਨ ਕਿ ਤੁਹਾਡਾ ਗੁਰੂ ਕੌਣ ਹੈ "ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਤੇਰਾ ਕੌਣ ਗੁਰੂ ਹੈ, ਜਿਸ ਦਾ ਤੂੰ ਚੇਲਾ ਹੈਂ. ?" ਬਾਰੇ ਪ੍ਰਮਾਣ ਦੇਂਦਿਆ ਕਹਿੰਦੇ "ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਸ਼ਬਦ (ਮੇਰਾ) ਗੁਰੂ ਹੈ, ਮੇਰੀ ਸੁਰਤ ਦਾ ਟਿਕਾਉ (ਉਸ ਗੁਰੂ ਦਾ) ਸਿੱਖ ਹੈ।" (ਅੰਗ 942-43) ਅਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਸਮੁੱਚੀ ਹੀ ਬਾਣੀ ਮਨੁੱਖਤਾ ਦੀ ਗੁਰੂ ਹੈ, ਜਿਸ ਦੀ ਤਸਦੀਕ ਗੁਰਬਾਣੀ ਨੇ ਵੀ ਕੀਤੀ ਹੈ:- ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ, ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥5॥' (ਨਟ ਮ: 4, ਪੰਨਾ 982) ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਨੰਦ ਲਾਲ ਸਿੰਘ ਜੀ 'ਰਹਿਤਨਾਮਾ ਪ੍ਰਸ਼ਨ ਉੱਤਰ' ਵਿੱਚ ਗੁਰੂ ਦੇ ਤਿੰਨ ਰੂਪਾਂ ਦਾ ਵਰਨਣ ਇਸ ਤਰ੍ਹਾਂ ਕਰ ਰਹੇ ਹਨ:- 'ਤੀਨ ਰੂਪ ਹੈਂ ਮੋਹ ਕੇ ਸੁਨਹੁ ਨੰਦ ! ਚਿੱਤ ਲਾਇ॥ ਨਿਰਗੁਣ, ਸਰਗੁਣ, ਗੁਰ ਸ਼ਬਦ ਕਹਹੁ ਤੋਹਿ ਸਮਝਾਇ॥6॥"



ਗੁਰਬਾਣੀ ਰਿਸਰਚ ਫਾਊਂਡੇਸ਼ਨ ਦੇ ਮੁੱਖ ਸੇਵਾਦਾਰ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਮੁੱਖੀ ਭਾਈ ਪਰਮਜੀਤ ਸਿੰਘ ਵੀਰ ਜੀ ਨੇ ਜੱਥੇਦਾਰ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਕਮੇਟੀ, ਸੰਤ ਸਮਾਜ਼, ਨਿਹੰਗ ਜੱਥੇਬੰਦੀਆਂ, ਸਮੂਹ ਫੈਡਰੇਸ਼ਨਾਂ ਨੇ ਨਾਲ ਰਾਜਸੀ ਅਤੇ ਧਾਰਮਿਕ ਜੱਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਰਾਮਪਾਲ ਦੇ ਡੇਰੇ ਵਲੋਂ ਸਿੱਖ ਪੰਥ ਖਿਲਾਫ ਸ਼ੁਰੂ ਕੀਤੇ ਗਏ ਵਿਵਾਦਿਤ ਪ੍ਰਚਾਰ ਨੂੰ ਨਾਸੂਰ ਬਣਨ ਤੋਂ ਪਹਿਲਾਂ ਹੀ ਨੱਥ ਪਾਈ ਜਾਏ ਜਿਸ ਨਾਲ ਪੰਥ ਨੂੰ ਸੜਕਾਂ ਤੇ ਆਣ ਲਈ ਮਜਬੂਰ ਨਾ ਹੋਣਾ ਪਵੇ।

> ਜੱਥੇਦਾਰ ਅਕਾਲ ਤਖਤ ਸਾਹਿਬ ਅਤੇ ਸਿੱਖ ਜੱਥੇਬੰਦੀਆਂ ਇਸ ਉਪਰ ਤੁਰੰਤ ਰੋਕ ਲਗਾਉਣ ਦਾ ਕਰਣ ਉਪਰਾਲਾ

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਿਲ੍ਹਾ ਅੰਮ੍ਰਿਤਸਰ ਵਿੱਚ 3 ਵੱਡੀਆਂ ਜਿਲ੍ਹਾ ਪੱਧਰੀ ਰੈਲੀਆਂ



**ਪਟਿਆਲਾ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਚਲਾਏ ਜਾ ਦਿੱਲੀ ਅੰਦੋਲਨ 2 ਨੂੰ ਤੇਜ਼ ਕਰਨ ਲਈ 26 ਜਨਵਰੀ ਦੇ ਐਕਸ਼ਨ ਅਤੇ 29 ਜਨਵਰੀ ਨੂੰ ਟਰੈਕਟਰ ਟਰਾਲੀਆਂ ਦੇ ਕਾਫ਼ਲਿਆਂ ਦੇ ਰੂਪ ਸ਼ੰਬੂ ਮੋਰਚੇ ਨੂੰ ਕੂਚ ਕਰਨ ਦੀਆਂ ਤਿਆਰੀਆਂ ਦੇ ਚਲਦੇ ਜਿਲ੍ਹਾ ਅੰਮ੍ਰਿਤਸਰ ਵੱਲੋਂ 3 ਰੈਲੀਆਂ ਕਰਨ ਦਾ ਫੈਸਲਾ ਕੀਤਾ ਗਿਆ ਹੈ, ਇਹ ਜਾਣਕਾਰੀ ਸੀਨੀਅਰ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਵੱਲੋਂ ਜੰਡਿਆਲਾ ਗੁਰੂ ਵਿਖੇ ਪ੍ਰੈਸ ਕਾਨਫਰੰਸ ਕਰਕੇ ਦਿੱਤੀ। ਉਹਨਾਂ ਕਿਹਾ ਕਿ ਮੰਗਾਂ ਨੂੰ ਮਨਾਉਣ ਵਾਸਤੇ ਜੰਡਿਆਲਾ ਗੁਰੂ ਵਿੱਚ 23, ਕੱਥੂ ਨੰਗਲ ਦੇ ਅਬਦਾਲ ਪਿੰਡ ਦੇ ਵਿੱਚ 24 ਨੂੰ, 25 ਜਨਵਰੀ ਨੂੰ ਗੁਰਦੁਆਰਾ ਸਾਧੂ ਸਿੱਖ ਸਾਹਿਬ ਤੇ ਚਮਿਆਰੀ ਵਿਖੇ ਤਿਆਰੀ ਰੈਲੀਆਂ ਕੀਤੀਆਂ ਜਾਣਗੀਆਂ। ਉਹਨਾਂ ਜਾਣਕਾਰੀ ਦਿੱਤੀ ਕਿ 29 ਜਨਵਰੀ ਨੂੰ ਜਿਲ੍ਹਾ ਅੰਮ੍ਰਿਤਸਰ ਤੋਂ ਸੈਂਕੜੇ ਟਰਾਲੀਆਂ ਬਿਆਸ ਵਿਖੇ ਇੱਕਠੀਆਂ ਹੋਣਗੀਆਂ ਔਰ 30 ਨੂੰ ਸਵੇਰੇ ਸ਼ੰਭੂ ਵੱਲ ਮਾਰਚ ਕਰੇਗਾ। ਉਹਨਾਂ ਕਿਹਾ ਕਿ ਬਿੱਟੂ ਵਰਗੇ ਲੀਡਰ ਫੁੱਟ ਪਾਊ ਅਨਸਰ ਪੰਜਾਬ ਵਾਸਤੇ ਖਤਰਨਾਕ ਹਨ ਅਤੇ ਉਹਨਾ ਕੋਈ ਖਾਸ ਮਿਸ਼ਨ ਹੈ, ਉਹਨਾਂ ਕਿਹਾ ਪੰਜਾਬ ਨੇ ਹਮੇਸ਼ਾਂ ਦੇਸ਼ ਦੀ ਲੜਾਈ ਲੜੀ ਹੈ ਅਤੇ ਦੇਸ਼ ਦੀ ਆਜ਼ਾਦੀ ਵਿੱਚ 90% ਤੋਂ ਵੱਧ ਕੁਰਬਾਨੀਆਂ ਦਿੱਤੀਆਂ ਉਹ ਦਿੱਤੀਆਂ ਫਿਰ ਬਿੱਟੂ ਵਰਗੇ ਇਸਤੇ ਵੀ ਸਵਾਲ ਕਰਨਗੇ। ਉਹਨਾਂ ਕਿਹਾ ਕਿ ਹਰਿਆਣੇ ਚ ਡਬਲ ਇੰਜਨ ਵਾਲੀ ਸਰਕਾਰ ਦੇ ਵਿੱਚ ਵੀ ਝੋਨਾ ਰੁਲ ਗਿਆ ਤੇ ਪੰਜਾਬ ਵਿੱਚ ਵੀ ਰੁਲ ਗਿਆ ਅਗਰ ਐਮ ਐਸ ਪੀ ਗਰੰਟੀ ਕਾਨੂੰਨ ਹੁੰਦਾ ਤਾਂ ਅਜਿਹਾ ਨਾ ਹੁੰਦਾ, ਬਾਕੀ ਜਿਵੇਂ ਪੰਜਾਬ ਦੀ ਜਮੀਨ ਹੇਠਲਾ ਪਾਣੀ ਥੱਲੇ ਜਾ ਰਿਹਾ ਹਰਿਆਣਾ ਸਾਨੂੰ ਬਦਲਵੀ ਖੇਤੀ ਚਾਹੀਦੀ ਹੈ, ਜਦਕਿ ਸਾਰੀਆਂ ਯੂਨੀਵਰਸਿਟੀਆਂ ਕੇਂਦਰ ਪੰਜਾਬ ਆਪਦੀ ਖੇਤੀ ਨੀਤੀ ਵਿੱਚ ਲਿਖਦੇ ਆ ਕਿ ਬਦਲਵੀਂ ਖੇਤੀ ਕਰੋ ਪਰ ਬਦਲਵੀ ਖੇਤੀ ਤਾਂ ਹੀ ਹੋ ਸਕਦੀ ਹੈ ਅਗਰ ਦੂਜੀਆਂ ਫਸਲਾਂ ਦੀ ਮੰਡੀ ਚ ਐੱਮ ਐੱਸ ਪੀ ਤੇ ਖਰੀਦ ਹੋਵੇਗੀ। ਉਹਨਾਂ ਦੱਸਿਆ ਕਿ 26 ਜਨਵਰੀ ਨੂੰ ਦੇਸ਼ ਭਰ ਵਿੱਚ ਟਰੈਕਟਰ ਮਾਰਚ ਕਰਨ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ 26 ਜਨਵਰੀ ਨੂੰ ਭਾਜਪਾ ਦੇ ਲੀਡਰਾਂ, ਮੰਤਰੀਆਂ ਦੇ ਘਰਾਂ ਅਤੇ ਭਾਜਪਾ ਦਫ਼ਤਰਾਂ ਅਤੇ ਵੱਡੇ ਕਾਰਪੋਰੇਟਾਂ ਦੇ ਮਾਲਾਂ ਅਤੇ ਸਾਇਲੋ ਅੱਗੇ ਮਾਰਚ ਕਰਕੇ ਟਰੈਕਟਰ ਖੜ੍ਹੇ ਹੋਣਗੇ ਅਤੇ 12 ਤੋਂ 1.30 ਵਜੇ ਤੱਕ ਖੜੇ ਰਹਿਣਗੇ।

# ਗੁਰਦੁਆਰਾ ਗੁਰੂਸਰ ਸਾਹਿਬ ਸ੍ਰੀ ਗੁਰੂ ਭਗਤ ਰਵੀਦਾਸ ਮਹਾਰਾਜ ਜੀ ਲੋਹਟਬੱਦੀ ਵਿਖੇ ਨਵੀਂ ਇਮਾਰਤ ਦਾ ਲੈਂਟਰ ਪਾਇਆ ਗਿਆ : ਭਾਈ ਵਿਰਸਾ ਸਿੰਘ ਖਾਲਸਾ





**ਜੰਡਿਆਲਾ ਗੁਰੂ, 21 ਜਨਵਰੀ ( ਕੁਲਵੰਤ ਸਿੰਘ ਵਿਰਦੀ)**-ਗੁਰਦੁਆਰਾ ਗੁਰੂਸਰ ਸਾਹਿਬ ਸ੍ਰੀ ਗੁਰੂ ਭਗਤ ਰਵਿਦਾਸ ਮਹਾਰਾਜ ਜੀ ਪਿੰਡ ਲੋਹਟਬੱਦੀ ਰਾਏਕੋਟ ਲੁਧਿਆਣਾ ਵਿਖੇ ਸਮੂਹ ਨਗਰ ਨਿਵਾਸੀ ਅਤੇ ਐਨ ਆਈ ਆਰ ਭਰਾਵਾਂ ਦੇ ਭਰਵੇਂ ਸਹਿਯੋਗ ਨਾਲ ਨਵੀਂ ਬਣੀ ਇਮਾਰਤ ਦਾ ਲੈਂਟਰ ਪਾਇਆ ਗਿਆ, ਇਸ ਮੌਕੇ ਤੇ ਲੈਂਟਰ ਪਾਉਣ ਵਾਲੀਆਂ ਸੰਗਤਾਂ ਵਾਸਤੇ ਵੱਖ ਵੱਖ ਪਦਾਰਥਾਂ ਦੇ ਲੰਗਰ ਤਿਆਰ ਕੀਤੇ ਗਏ, ਸੈਂਕੜੇ ਸੰਗਤਾਂ ਵੱਲੋਂ ਲੈਂਟਰ ਦੀ ਕਾਰਸੇਵਾ ਵਿਚ ਤਨ ਮਨ ਤੇ ਧਨ ਨਾਲ ਸੇਵਾ ਕੀਤੀ ਗਈ, ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ ਉਹਨਾਂ ਭਾਈ ਖਾਲਸਾ ਨੇ ਦੱਸਿਆ ਗੁਰਦੁਆਰਾ ਗੁਰੂਸਰ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਇਸ ਇਮਾਰਤ ਦੀ ਉਸਾਰੀ ਲਈ ਵਿਸ਼ੇਸ਼ ਯੋਗਦਾਨ ਪਾਉਣ ਵਾਲਿਆਂ ਵਿਚ ਪ੍ਰਧਾਨ ਜਗਜੀਤ ਸਿੰਘ ਭੱਟੀ, ਖਜਾਨਚੀ ਇਕਬਾਲ ਸਿੰਘ ਠੇਕੇਦਾਰ, ਕੇਵਲ ਸਿੰਘ ਸਾਬਕਾ ਪੰਚਾਇਤ ਮੈਂਬਰ, ਸ੍ਰ ਤੀਰਥ ਸਿੰਘ ਸਕੱਤਰ ਅਤੇ ਸਾਬਕਾ ਸਕੱਤਰ ਸ੍ਰ ਕੁਲਵੰਤ ਸਿੰਘ ਤੋਂ ਇਲਾਵਾ ਸੈਂਕੜੇ ਸਥਾਨਕ ਸੰਗਤਾਂ ਤੇ ਐਨ ਆਈ ਆਰ ਭਰਾ ਆਦਿ ਦਾਨੀ ਰਹੇ, ਭਾਈ ਖਾਲਸਾ ਨੇ ਦੱਸਿਆ ਇਸ ਮੌਕੇ ਤੇ ਸਮੂਹ ਸੰਗਤਾਂ ਨੂੰ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ, ਇਸ ਮੌਕੇ ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ ਜੀ ਮੌੜ ਸਰ ਸਾਹਿਬ ਜੀ ਦੇ ਮੁੱਖ ਪ੍ਰਬੰਧਕ ਜਥੇਦਾਰ ਬਾਬਾ ਰਣਜੀਤ ਸਿੰਘ ਜੀ ਵਿਸ਼ੇਸ਼ ਤੌਰ ਤੇ ਆਪਣੀਆਂ ਫੌਜਾਂ ਸਮੇਤ ਹਾਜਰ ਹੋਏ।

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਅਤੇ ਸਾਥੀਆਂ ਨੇ

# ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਵਿਖੇ ਟੇਕਿਆ ਮੱਥਾ

## ਜਲਦੀ ਚੋਣ ਨਤੀਜਿਆਂ ਸਬੰਧੀ ਸਾਰੇ ਪਾਰਟੀ ਸਾਥੀਆਂ ਦੀ ਮੀਟਿੰਗ ਸੱਦ ਕੇ ਮੰਥਨ ਕੀਤਾ ਜਾਵੇਗਾ

















**ਸਿਰਸਾ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਅੱਜ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵ ਨਿਯੁੱਕਤ ਅਤੇ ਸਾਬਕਾ ਮੈਂਬਰ ਸਾਹਿਬਾਨਾਂ ਵੱਲੋਂ ਦਰਸ਼ਨ ਦੀਦਾਰੇ ਕੀਤੇ ਗਏ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਜੀਤ ਸਿੰਘ ਨੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਇਸ ਸਮੇਂ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ,ਸ. ਸੁਖਵਿੰਦਰ ਸਿੰਘ ਮੰਡੇਬਰ ਜਰਨਲ ਸਕੱਤਰ,ਸ. ਗੁਰਮੀਤ ਸਿੰਘ ਰਾਮਸਰ ਨਵਨਿਯੁਕਤ ਮੈਂਬਰ,ਸ. ਗੁਰਪਾਲ ਸਿੰਘ ਗੋਰਾ ਐਲਨਾਬਾਦ ਸਿਰਸਾ ਨਵਨਿਯੁਕਤ ਮੈਂਬਰ,ਸ. ਸਵਰਨ ਸਿੰਘ ਬੁੰਗਾ ਟਿੱਬੀ ਪੰਚਕੂਲਾ ਨਵਨਿਯੁਕਤ ਮੈਂਬਰ,ਸ.ਰਜਿੰਦਰ ਸਿੰਘ ਬਰਾੜਾ ਨਵਨਿਯੁਕਤ ਮੈਂਬਰ,ਸ.ਅਮਰਜੀਤ ਸਿੰਘ ਯਮੁਨਾਨਗਰ ਸਾਬਕਾ ਮੈਂਬਰ,ਸ.ਇੰਦਰਜੀਤ ਸਿੰਘ ਵਾਸੁਦੇਵਾ ਸਾਬਕਾ ਮੈਂਬਰ,ਸ. ਕਾਬਲ ਸਿੰਘ ਹਿੰਮਤਪੁਰਾ ਸਾਬਕਾ ਮੈਂਬਰ ਵੀ ਹਾਜ਼ਰ ਸਨ। ਜਥੇਦਾਰ ਦਾਦੂਵਾਲ ਜੀ ਨੇ ਦੱਸਿਆ ਕੇ ਜਲਦੀ ਚੋਣ ਨਤੀਜਿਆਂ ਸਬੰਧੀ ਸਾਰੇ ਪਾਰਟੀ ਸਾਥੀਆਂ ਦੀ ਮੀਟਿੰਗ ਸੱਦ ਕੇ ਮੰਥਨ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਰੰਗਰੇਟਾ ਕੌਮ ਦੀ ਬੁਲੰਦ ਅਵਾਜ਼ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦੀ ਅਗਵਾਈ'ਚ ਸ਼੍ਰੋਮਣੀ ਜਰਨੈਲ ਬਾਬਾ ਬੀਰ ਸਿੰਘ ਰੰਗਰੇਟਾ ਦੇ

# 260ਵੇਂ ਸ਼ਹੀਦੀ ਸਮਾਗਮ 'ਚ 7 ਫਰਵਰੀ ਨੂੰ ਤਿੰਨ ਲੱਖ ਦਾ ਇਕੱਠ ਹੋਵੇਗਾ : ਜਥੇਦਾਰ ਬਾਬਾ ਮੇਜਰ ਸਿੰਘ ਸੋਢੀ

**ਜੰਡਿਆਲਾ ਗੁਰੂ, 21 ਜਨਵਰੀ ( ਕੁਲਵੰਤ ਸਿੰਘ ਵਿਰਦੀ)**-ਰੰਗਰੇਟਾ ਕੌਮ ਦੀ ਬੁਲੰਦ ਆਵਾਜ਼ ਤੇ ਅਣਖੀ ਯੋਧੇ ਜਰਨੈਲ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਨਨਕਾਣੇ ਵਾਲਿਆਂ ਦੀ ਜੰਗੀ ਅਗਵਾਈ ਹੇਠ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਦਲ ਵੱਲੋਂ ਪੰਜਵਾਂ ਨਿਸ਼ਾਨ ਮਿਸਲ 1300 ਸੌ ਘੌੜ ਸਵਾਰ ਬਾਬਾ ਬੀਰ ਸਿੰਘ ਜੀ ਰੰਗਰੇਟਾ ਚਲਦਾ ਵਹੀਰ ਚੱਕਰਵਰਤੀ ਨਿਹੰਗ ਸਿੰਘਾਂ ਵੱਲੋਂ 1300 ਘੌੜ ਸਵਾਰ ਬ੍ਰਹਮ ਗਿਆਨੀ ਮਹਾਂਬਲੀ ਬਹਾਦਰ ਜਰਨੈਲ ਬਾਬਾ ਬੀਰ ਸਿੰਘ ਜੀ ਰੰਗਰੇਟਾ ਜੀ ਦਾ 260 ਵਾਂ ਸ਼ਹੀਦੀ ਦਿਹਾੜਾ ਤੇ ਸੱਚਖੰਡ ਵਾਸੀ ਜਥੇਦਾਰ ਬਾਬਾ ਮਹਿੰਦਰ ਸਿੰਘ ਜੀ ਨਨਕਾਣਾ ਸਾਹਿਬ ਵਾਲਿਆਂ ਦੀ 50 ਵੀਂ ਬਰਸੀ ਅਤੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਕਾਰ ਸਿੰਘ ਜੀ ਸੋਢੀ ਨਨਕਾਣਾ ਸਾਹਿਬ ਜੀ ਦੀ 11 ਵੀ ਯਾਦ ਨੂੰ ਸਮਰਪਿਤ 260 ਵਾ ਸਲਾਨਾ ਸ਼ਹੀਦੀ ਸਮਾਗਮ ਬਹੁਤ ਹੀ ਸ਼ਰਧਾ ਭਾਵਨਾਵਾਂ ਤੇ ਉਤਸ਼ਾਹ ਨਾਲ ਗੁਰਦੁਆਰਾ ਸ਼ਹੀਦ ਬਾਬਾ ਬੀਰ ਸਿੰਘ ਜੀ , ਬਾਬਾ ਧੀਰ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਪਿੰਡ ਚਾਟੀ ਵਿੰਡ ਲੇਹਲ, ਮਾਂਗੇ ਸਰਾਏ, ਮਹਿਤਾ ਰੋਡ ਅੰਮ੍ਰਿਤਸਰ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ, ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਜੀ ਦੀ ਅਗਵਾਈ ਅਤੇ ਸਥਾਨਕ ਸੰਗਤਾਂ ਦੇ ਨਾਲ ਨਾਲ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਭਰਵੇਂ ਸੰਯੋਗ ਨਾਲ ਮਨਾਇਆ ਜਾ ਰਿਹਾ ਹੈ ਅਖੰਡ ਪਾਠਾਂ ਦੇ ਲੜੀਵਾਰ ਭੋਗ ਪਾਏ ਜਾਣਗੇ, ਧਾਰਮਿਕ ਦੀਵਾਨ ਸਜਾਏ ਜਾਣਗੇ,ਕਈ ਧਾਰਮਿਕ ਸੰਪਰਦਾਵਾਂ ਦੇ ਮੁਖੀਆਂ ਵੱਲੋਂ ਲੰਗਰ ਲਾਏ ਜਾਣਗੇ, ਮੈਡੀਕਲ ਕੈਂਪ ਲਗਾਇਆ ਜਾਵੇਗਾ, ਧਾਰਮਿਕ ਦੀਵਾਨ ਸਜਾਏ ਜਾਣਗੇ, ਸਮੂਹ ਧਾਰਮਿਕ ਬੁਲਾਰਿਆਂ, ਸੰਤਾਂ ਮਹਾਪੁਰਸ਼ਾਂ, ਨਿਹੰਗ ਸਿੰਘ ਜਥੇਬੰਦੀਆਂ ਦੇ ਜਥੇਦਾਰ ਸਾਹਿਬਾਨਾ ਤੇ ਪੰਥਕ ਸ਼ਖਸ਼ੀਅਤਾਂ ਦਾ ਸ਼ਹੀਦੀ ਸਮਾਗਮ ਦੇ ਮੁੱਖ ਪ੍ਰਬੰਧਕ ਤੇ ਕੌਮੀ ਜਰਨੈਲ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਜੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ, ਸ਼ਾਮ ਨੂੰ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸ਼ਾਨਦਾਰ ਮਹੱਲੇ ਦਾ ਪ੍ਰਦਰਸ਼ਨ ਕਰਕੇ ਨੌਜਵਾਨ ਪੀੜ੍ਹੀ ਨੂੰ ਘੌੜ ਸਵਾਰੀ ਨੇਜ਼ਾ ਬਾਜ਼ੀ ਪੈਂਤੜੇ ਕੱਢਣੇ ਨੰਗੀਆਂ ਤਲਵਾਰਾਂ ਦੇ ਜੌਹਰ ਦੇ ਨਾਲ ਨਾਲ ਕਈ ਤਰ੍ਹਾਂ ਦੀਆਂ ਜੰਗ ਜੂ ਖ਼ਾਲਸਾਈ ਖੇਡਾਂ ਦਾ ਪ੍ਰਦਰਸ਼ਨ ਕੀਤਾ ਜਾਵੇਗਾ, ਸੰਗਤਾਂ ਲਈ ਕਈ ਪ੍ਰਕਾਰ ਦੇ ਲੰਗਰ ਦੇਗਾਂ ਸਰਦਾਈਆ ਅਤੁੱਟ ਵਰਤਾਏ ਜਾਣਗੇ ਅਤੇ ਇਸ ਸ਼ਹੀਦੀ ਦਿਹਾੜੇ ਤੇ ਤਿੰਨ ਲੱਖ ਤੋਂ ਵੱਧ ਸੰਗਤਾਂ ਸਮਾਗਮ ਦੇ ਪ੍ਰੋਗਰਾਮਾ ਦਾ ਅਨੰਦ ਮਾਣ ਸਕਦੀਆਂ ਹਨ, ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਕੌਮੀ ਪ੍ਰਧਾਨ ਤੇ ਦਲਪੰਥ ਦੇ ਪ੍ਰੈਸ ਸੈਕਟਰੀ ਭਾਈ ਵਿਰਸਾ ਸਿੰਘ ਖਾਲਸਾ ਨੇ ਸਮਾਗਮ ਦੇ ਮੁੱਖ ਪ੍ਰਬੰਧਕ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨਾਲ ਗੱਲਬਾਤ ਕਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਉਹਨਾਂ ਭਾਈ ਖਾਲਸਾ ਨੇ ਦੱਸਿਆ ਜਦੋਂ ਤੋਂ ਰੰਗਰੇਟਾ ਕੌਮ ਦੀ ਬੁਲੰਦ ਆਵਾਜ਼ ਤੇ ਕੌਮੀ ਜਰਨੈਲ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਜੀ ਨੇ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਦਲ ਦੀ ਵਾਗਡੋਰ ਸੰਭਾਲੀ ਹੈ ਉਸ ਵਕਤ ਤੋਂ ਰੰਗਰੇਟਾ ਕੌਮ'ਚ ਸਿੱਖ ਪੰਥ ਵਾਰਸ਼ ਹੋਣ ਦੀ ਰੂਹ ਫੂਕ ਦਿੱਤੀ ਹੈ ਅਤੇ ਇਸੇ ਹੀ ਕਰਕੇ ਜਿਥੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਕੌਮੀ ਮਿਸ਼ਨ ਤਹਿਤ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਰੰਘਰੇਟਾ ਨਿਹੰਗ ਸਿੰਘ ਛਾਉਣੀਆਂ ਤੇ ਗੁਰਦੁਆਰਾ ਬਣ ਚੁੱਕੇ ਹਨ, ਭਾਈ ਖਾਲਸਾ ਨੇ ਦੱਸਿਆ ਇਸੇ ਹੀ ਕਰਕੇ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਵੱਲੋਂ ਉਨ੍ਹਾਂ ਨੂੰ ਸ਼ਰਧਾ ਭਾਵਨਾਵਾਂ ਨਾਲ ਬੁਲਾਇਆ ਜਾਂਦਾ ਹੈ ਅਤੇ ਬਾਬਾ ਹਰ ਇਕ ਦੇ ਦੁੱਖ ਸੁੱਖ ਨੂੰ ਸੁਣਦੇ ਤੇ ਉਨ੍ਹਾਂ ਦੇ ਮਸਲੇ ਵੀ ਹੱਲ ਕਰਦੇ ਹਨ, ਭਾਈ ਖਾਲਸਾ ਨੇ ਦੱਸਿਆ ਇਸੇ ਹੀ ਕਰਕੇ ਉਹਨਾਂ ਵੱਲੋਂ ਸਹੀਦ ਬਾਬਾ ਬੀਰ ਸਿੰਘ ਜੀ ਰੰਗਰੇਟਾ ਦਾ ਸ਼ਹੀਦੀ ਦਿਹਾੜਾ ਜੰਗੀ ਪੱਧਰ ਮਨਾਇਆ ਜਾਂਦਾ ਹੈ ਅਤੇ ਲੱਖਾਂ ਸੰਗਤਾਂ ਇਸ ਸਮਾਗਮ ਵਿੱਚ ਸ਼ਾਮਲ ਹੋ ਕੇ ਆਪਣੇ ਮਨੁੱਖੀ ਜੀਵਨ ਨੂੰ ਸਫ਼ਲ ਬਣਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਭਾਈ ਖਾਲਸਾ ਦੱਸਿਆ ਇਸ ਵਾਰ ਇਹ ਸ਼ਹੀਦੀ ਸਮਾਗਮ 7 ਫਰਵਰੀ ਨੂੰ ਗੁਰਦੁਆਰਾ ਸ਼ਹੀਦ ਬਾਬਾ ਬੀਰ ਸਿੰਘ ਜੀ, ਬਾਬਾ ਧੀਰ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਪਿੰਡ ਚਾਟੀ ਵਿੰਡ ਲੇਹਲ, ਮਾਂਗਾ ਸਰਾਏ, ਮਹਿਤਾ ਰੋਡ ਅੰਮ੍ਰਿਤਸਰ ਵਿਖੇ ਬਹੁਤ ਹੀ ਸ਼ਰਧਾ ਭਾਵਨਾਵਾਂ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਭਾਈ ਖਾਲਸਾ ਨੇ ਦੱਸਿਆ ਇਸ ਵਿਚ ਸਿਖ ਕੌਮ ਸਮੂਹ ਸੰਪਰਦਾਵਾਂ ਤੇ ਨਿਹੰਗ ਸਿੰਘ ਜਥੇਬੰਦੀਆਂ ਤੋਂ ਇਲਾਵਾ ਧਾਰਮਿਕ ਖੇਤਰ ਵਿੱਚ ਸਰਗਰਮ ਸੰਤਾਂ ਮਹਾਪੁਰਸ਼ਾਂ ਵੱਡੀ ਗਿਣਤੀ'ਚ ਸ਼ਾਮਲ ਹੋ ਰਹੇ ਹਨ, ਮੁੱਖ ਪ੍ਰਬੰਧਕ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਜੀ ਵੱਲੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਧਾਰਮਿਕ ਸ਼ਹੀਦੀ ਸਮਾਗਮ ਦੇ ਲੱਗ ਰਹੇਂ ਦੀਵਾਨਾ ਦੀ ਹਾਜ਼ਰੀ ਭਰਕੇ ਆਪਣੇ ਮਨੁੱਖੀ ਜੀਵਨ ਨੂੰ ਸਫ਼ਲ ਬਣਾਉਣ ਦੀ ਲੋੜ ਤੇ ਜ਼ੋਰ ਦੇਣ।



ਕੌਮੀ ਇਨਸਾਫ਼ ਮੋਰਚੇ ਵੱਲੋਂ 25 ਜਨਵਰੀ ਨੂੰ ਮਹਾਂ ਪੰਚਾਇਤ ਵਾਲੇ ਸੱਦੇ ਨੂੰ ਮਾਲਵਾ ਤਰਨਾ ਦਲ ਬਾਬਾ ਸੰਗਤ ਸਿੰਘ ਜੀ ਨੇ ਦਿੱਤੀ ਹਮਾਇਤ

# ਸ਼ਾਮਲ ਹੋਣ ਦਾ ਕੀਤਾ ਐਲਾਨ: ਭਾਈ ਵਿਰਸਾ ਸਿੰਘ ਖਾਲਸਾ



**ਜੰਡਿਆਲਾ ਗੁਰੂ, 21 ਜਨਵਰੀ ( ਕੁਲਵੰਤ ਸਿੰਘ ਵਿਰਦੀ)**-ਕੌਮੀ ਇਨਸਾਫ਼ ਮੋਰਚੇ ਦੇ ਆਗੂ ਲੰਮੇ ਸਮੇਂ ਚੰਡੀਗੜ੍ਹ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਤੇ ਪੰਥਕ ਮੰਗਾਂ ਨੂੰ ਲੈਕੇ ਮੋਰਚਾ ਲਾਈ ਬੈਠੇ ਹਨ ਪਰ ਕੇਂਦਰ ਸਰਕਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿੱਚ ਅਜੇ ਤੱਕ ਕੋਈ ਇਨਸਾਫ ਨਹੀਂ ਦਿੱਤਾ, ਜਿਸ ਕਰਕੇ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਨੇ ਹੁਣ ਸੰਘਰਸ਼ ਦੀ ਰੂਪ ਰੇਖਾ ਬਦਲ ਕੇ ਚੰਡੀਗੜ੍ਹ ਵਿਖੇ 25 ਜਨਵਰੀ ਨੂੰ ਮਹਾਂ ਪੰਚਾਇਤ ਦਾ ਸੱਦਾ ਦਿੱਤਾ ਗਿਆ ਹੈ ਜੋਂ ਸਮੇਂ ਦੀ ਲੋੜ ਤੇ ਲੋਕਾਂ ਦੀ ਮੰਗ ਵਾਲਾ ਵਧੀਆ ਤੇ ਸ਼ਲਾਘਾਯੋਗ ਉਪਰਾਲਾ ਕਿਹਾ ਜਾ ਸਕਦਾ ਹੈ, ਇਸ ਮਹਾਂਪੰਚਾਇਤ ਵਿਚ ਪੰਜਾਬ ਅਤੇ ਬਹਾਰਲੇ ਸੂਬਿਆਂ ਤੋਂ ਵੀ ਮਹਾਂਪੰਚਾਇਤ ਵਿਚ ਸ਼ਾਮਿਲ ਹੋਣ ਦੇ ਐਲਾਨ ਕੀਤੇ ਜਾ ਰਹੇ ਹਨ ਅਤੇ ਇਸੇ ਕੜੀ ਤਹਿਤ ਮਾਮਲਾ ਤਰਨਾ ਦਲ ਸ਼ਹੀਦ ਬਾਬਾ ਸੰਗਤ ਸਿੰਘ ਜੀ ਦੇ ਸਵਰਗੀ ਜਥੇਦਾਰ ਬਾਬਾ ਲਾਲ ਸਿੰਘ ਜੀ ਫੂਲ ਬਠਿੰਡਾ ਦੇ ਹੋਣਹਾਰ ਸਪੂਤ ਤੇ ਮਜੋਂਦਾ ਗੱਦੀ ਨਸ਼ੀਨ ਪੜੇ ਲਿਖੇ ਸੂਝਵਾਨ ਸਿੰਘ ਸਾਹਿਬ ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਬਠਿੰਡਾ ਨੇ ਕੌਮੀ ਇਨਸਾਫ਼ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੱਦੀ ਗਈ ਮਹਾਂਪੰਚਾਇਤ ਵਾਲੇ ਫੈਸਲੇ ਦੀ ਪੂਰਨ ਹਮਾਇਤ ਕਰਦਿਆਂ ਇਸ ਨੂੰ ਸਮੇਂ ਦੀ ਲੋੜ ਤੇ ਲੋਕਾਂ ਦੀ ਮੰਗ ਵਾਲਾ ਸ਼ਲਾਘਾਯੋਗ ਫ਼ੈਸਲਾ ਦੱਸਿਆ ਐਲਾਨ ਕੀਤਾ ਕਿ ਮਾਲਵਾ ਤਰਨਾ ਦਲ ਸ਼ਹੀਦ ਬਾਬਾ ਸੰਗਤ ਸਿੰਘ ਇਸ ਮਹਾਂ ਪੰਚਾਇਤ ਵਿਚ ਆਪਣੀਆਂ ਫੌਜਾਂ ਸਮੇਤ ਸ਼ਾਮਲ ਹੋਣਗੇ ਤਾਂ ਕਿ ਕੇਂਦਰ ਸਰਕਾਰ ਤੇ ਦਬਾਅ ਬਣਾਕੇ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਨਰਕ ਦੀ ਜਿੰਦਗੀ ਬਤੀਤ ਕਰਨ ਲਈ ਮਜਬੂਰ ਬੰਦੀ ਸਿੰਘਾਂ ਦੀ ਰਿਹਾਈ ਨੂੰ ਯਕੀਨੀ ਬਣਾਇਆ ਜਾ ਸਕੇ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਮਾਲਵਾ ਤਰਨਾ ਦਲ ਦੇ ਮਜੋਂਦਾ ਮੁਖੀ ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਬਠਿੰਡਾ ਨਾਲ ਇਸ ਸਬੰਧੀ ਜਾਣਕਾਰੀ ਹਾਸਲ ਕਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਦੱਸਿਆ ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਬਠਿੰਡਾ ਨੇ ਕਿਹਾ ਕੌਮੀ ਇਨਸਾਫ਼ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਤੇਜ਼ ਕਰਦਿਆਂ ਮਹਾਂਪੰਚਾਇਤ ਬੁਲਾਉਣੀ ਸਮੇਂ ਅਤੇ ਲੋਕਾਂ ਦੀ ਮੰਗ ਸੀ ਕਿਉਂਕਿ ਕੇਂਦਰ ਸਰਕਾਰ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਲਈ ਗੰਭੀਰ ਨਹੀਂ ਦਿਸਦੀ ਇਸ ਕਰਕੇ ਮਾਲਵਾ ਤਰਨਾ ਦਲ ਸ਼ਹੀਦ ਬਾਬਾ ਸੰਗਤ ਸਿੰਘ ਜੀ ਜਿਥੇ ਮਹਾਂਪੰਚਾਇਤ ਨੂੰ ਪੂਰਨ ਹਮਾਇਤ ਕਰਦਾ ਹੈ ਅਤੇ ਇਸ ਵਿਚ ਸ਼ਾਮਿਲ ਵੀ ਹੋਵੇਗਾ ਦੇ ਨਾਲ ਨਾਲ ਕੇਂਦਰ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਲੰਮੇ ਸਮੇਂ ਤੋਂ ਆਪਣੀਆਂ ਅਦਾਲਤੀ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਗੈਰ ਕਾਨੂੰਨੀ ਢੰਗ ਨਾਲ ਜੇਲਾ ਵਿੱਚ ਸੜਨ ਲਈ ਮਜਬੂਰ ਸਾਰੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤਾਂ ਕਿ ਕੌਮੀ ਇਨਸਾਫ਼ ਮੋਰਚੇ ਦੇ ਆਗੂ ਆਪਣੇ ਘਰਾਂ ਨੂੰ ਪਰਤ ਸਕਣ, ਇਸ ਮੌਕੇ ਤੇ ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਬਠਿੰਡਾ ਨਾਲ ਬਾਬਾ ਮਦਨ ਸਿੰਘ, ਡਾਕਟਰ ਬੱਬੂ ਤੇ ਭਾਈ ਜਲੌਰ ਸਿੰਘ ਤੋਂ ਇਲਾਵਾ ਕਈ ਦਲਪੰਥ ਦੀਆਂ ਨਿਹੰਗ ਸਿੰਘ ਫ਼ੌਜਾਂ ਹਾਜ਼ਰ ਸਨ।

# ਦਿੱਲੀ ਦੇ ਲੋਕ ਭਾਰੀ ਬਹੁਮਤ ਨਾਲ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੇ : ਜੱਸੀ ਸੇਖੋਂ



**ਧੂਰੀ, ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਰਾਜ ਸਭਾ ਮੈਂਬਰ ਡਾ ਸੰਦੀਪ ਪਾਠਕ ਵੱਲੋਂ ਦਿੱਲੀ ਦੇ ਵਿਧਾਨ ਸਭਾ ਚੋਣਾਂ ਵਿੱਚ ਲਗਾਈ ਡਿਊਟੀ ਤਹਿਤ ਜੈ ਭਗਵਾਨ ਉਪਕਾਰ ਉਮੀਦਵਾਰ ਹਲਕਾ ਬਵਾਨਾ ਅਤੇ ਦੁਰਗੇਸ਼ ਪਾਠਕ ਉਮੀਦਵਾਰ ਹਲਕਾ ਰਾਜਿੰਦਰ ਨਗਰ ਦੇ ਹੱਕ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਸੇਖੋਂ ਨੇ ਡੋਰ ਟੂ ਡੋਰ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਦਿੱਲੀ ਦੇ ਲੋਕ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਦਿੱਲੀ ਦਾ ਰਿਕਾਰਡ ਤੋੜ ਵਿਕਾਸ ਹੋਇਆ ਅਤੇ ਦਿੱਲੀ ਲੋਕ ਆਮ ਆਦਮੀ ਪਾਰਟੀ ਦੇ ਖੁਸਹਾਲ ਰਾਜ ਤੋਂ ਖੁਸ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ਆਮ ਆਦਮੀ ਪਾਰਟੀ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਦੀ ਜਿੱਤ ਯਕੀਨੀ ਹੈ। ਇਸ ਮੌਕੇ ਆਪ ਆਗੂ ਰੂਬਲ ਬਾਜਵਾ, ਗੁਰਵਿੰਦਰ ਸਿੰਘ ਸੋਹੀ ਅਤੇ ਹਰਪ੍ਰੀਤ ਸਿੰਘ ਮੀਮਸਾ ਤੇ ਹੋਰ ਵੀ ਹਾਜ਼ਰ ਸਨ ।

# ਸਨਮਾਨ ਵਿੱਚ ਮਿਲਣ ਵਾਲੀ 3 ਲੱਖ ਰੁਪਏ ਦੀ ਰਾਸ਼ੀ ਗਰੀਬਾਂ ਦੀ ਸੇਵਾ ਵਿੱਚ ਲਾਵਾਂਗਾ: ਭਾਨ ਸਿੰਘ ਜੱਸੀ

ਸੇਰਪੁਰ ( ਰਣਜੀਤ ਸਿੰਘ ਪੇਧਨੀ ) ਜ਼ਿਲ੍ਹਾ ਸੰਗਰੂਰ ਦੇ ਪਿੰਡ ਜੱਖਲਾਂ ਵਿਖੇ ਮੀਰੀ ਪੀਰੀ ਸਪੋਰਟਸ ਐਂਡ ਵੈਲਫੇਅਰ ਕਲੱਬ ਰਜਿ:ਧੂਰੀ ਵੱਲੋਂ ਕਰਵਾਏ ਜਾ ਰਹੇ ਪੰਜਾਬ ਦੇ ਮਸ਼ਹੂਰ ਕਬੱਡੀ ਕੱਪ ਤੇ ਸਮਾਜ ਸੇਵੀ ਭਾਨ ਸਿੰਘ ਜੱਸੀ (ਜੱਸੀ ਪੇਧਨੀ ) ਨੂੰ ਕਲੱਬ ਦੇ ਚੇਅਰਮੈਨ , ਸ: ਹਰਦੀਪ ਸਿੰਘ ਬਬਲੂ ਜੱਖਲਾਂ (ਯੂ.ਐਸ.ਏ ) ਦੀ ਅਗਵਾਈ ਵਿੱਚ,ਸਮਾਜ ਸੇਵਾ ਕਰਨ ਬਦਲੇ 3 ਲੱਖ ਰੁਪਏ ਦੀ ਰਾਸੀ ਨਾਲ ਸਨਮਾਨਿਤ ਕੀਤਾ ਜਾਣਾ ਹੈ । ਦੱਸਿਆ ਜਾਂਦਾ ਹੈ ਕਿ ਸਮਾਜ ਸੇਵੀ ਭਾਨ ਸਿੰਘ ਜੱਸੀ ਪੇਧਨੀ ( ਰਿਟਾ:ਜੇ.ਈ ਪਾਵਰਕੌਮ ) ਲਗਭਗ ਦੋ ਦਹਾਕਿਆਂ ਤੋਂ ਸਲੰਮ ਥਾਵਾਂ,ਝੁੱਗੀਆਂ ਅਤੇ ਪਿੰਡਾਂ ਵਿੱਚ ਰਹਿੰਦੇ ਗਰੀਬ,ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਜਿੱਥੇ ਮੁਫਤ ਸਿੱਖਿਆ ਦੇਣ ਦੀ ਮੁਹਿੰਮ ਚਲਾ ਰਹੇ ਹਨ। ਉੱਥੇ ਬਿਮਾਰ ਜਾਂ ਫਿਰ ਆਰਥਿਕ ਤੌਰ ਤੇ ਪਛੜੇ ਲੋੜਵੰਦ ਪਰਿਵਾਰਾਂ ਦੀ ਮਦਦ ਕਰਨ ਦੀ ਸੇਵਾ ਦਾ ਜਜ਼ਬਾ ਵੀ ਉਹਨਾਂ ਦੀ ਜ਼ਿੰਦਗੀ ਦੇ ਹਿੱਸੇ ਆਇਆ ਹੈ ਉਹ ਬਾਬੇ ਨਾਨਕ ਜੀ ਦੇ ਗਰੀਬਾਂ ਪੱਖੀ ਸਿਧਾਂਤ ਨੂੰ ਅਮਲਾ ਵਿੱਚ ਲਾਗੂ ਕਰਕੇ ਰੂਹ ਦਾ ਆਨੰਦ ਲੈਣ ਵਾਲੇ ਦੋਸਤਾਂ ਅਤੇ ਦਾਨੀ ਵੀਰਾਂ ,ਭੈਣਾਂ ਦੇ ਸਹਿਯੋਗ ਨਾਲ ਲੰਮੇ ਸਮੇਂ ਤੋਂ ਸੇਵਾ ਦੇ ਇਸ ਨੋਵਲ ਕਾਰਜ ਨੂੰ ਚਲਾਉਣ ਵਿੱਚ ਸਫਲ ਹੋਏ ਹਨ । ਸ: ਭਾਨ ਸਿੰਘ ਜੱਸੀ ਦੇ ਮਿਸ਼ਨ ਵਿੱਚ ਪੜ੍ਹਦੇ ਇਹ ਬੱਚੇ , ਜਿੱਥੇ ਪੜ੍ਹਾਈ ਅਤੇ ਖੇਡ ਖੇਤਰਾਂ ਵਿੱਚ ਮੱਲਾਂ ਮਾਰ ਰਹੇ ਹਨ ,ਉੱਥੇ ਝੁੱਗੀਆਂ ਵਿੱਚ ਰਹਿਣ ਵਾਲੀਆਂ ਇਹਨਾਂ ਧੀਆਂ ਦੀ ਜ਼ਿੰਦਗੀ ਵਿੱਚ ਸਤਿਨਾਮ ਵਾਹਿਗੁਰੂ ਦੇ "ਜਾਪ" ਨਾਲ ਜੁੜਨ ਕਾਰਨ ਚੜਦੇ ਸੂਰਜ ਦੀਆਂ ਸੁਨਹਿਰੀ ਤਰੰਗਾਂ ਵਰਗੀ ਕ੍ਰਾਂਤੀਕਾਰੀ ਤਬਦੀਲੀ ਆਈ ਹੈ।ਸਨਮਾਨ ਮਿਲਣ ਤੇ ਖੁਸ਼ੀ ਮਹਿਸੂਸ ਕਰਦਿਆਂ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਬਾਪੂ ਰਾਮ ਸਿੰਘ ਜੱਖਲਾ, ਸ: ਜਸਵੀਰ ਸਿੰਘ ਜੱਸਾ (ਆਸਟਰੇਲੀਆ), ਪ੍ਰਧਾਨ ਸ: ਗੁਰਸੇਵ ਸਿੰਘ ਸੇਬੀ, ਚੇਅਰਮੈਨ ਸ: ਹਰਦੀਪ ਸਿੰਘ ਬਬਲੂ ਜੱਖਲਾਂ, ਭੈਣ ਸ੍ਰੀਮਤੀ ਕਿਸਮਤ ਕੌਰ ਯੂ.ਐਸ.ਏ ਅਤੇ ਕਲੱਬ ਦੀ ਪੂਰੀ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ । ਸੇਵੀ ਭਾਨ ਸਿੰਘ ਜੱਸੀ ਨੇ ਐਲਾਨ ਕੀਤਾ ਕਿ ਉਹ ਸਨਮਾਨ ਵਿੱਚ ਮਿਲਣ ਵਾਲੀ 3 ਲੱਖ ਰੁਪਏ ਦੀ ਰਾਸ਼ੀ ਵਿਦਿਅਕ ਕੇਂਦਰਾਂ ਵਿੱਚ ਪੜਦੇ ਗਰੀਬ ਬੱਚਿਆਂ ਦੀ ਸਿੱਖਿਆ ਅਤੇ ਸਮਾਜਿਕ ਸਿਸਟਮ ਦੀ ਚੱਕੀ ਵਿੱਚ ਬੇਦਰਦੀ ਨਾਲ ਪੀਸੇ ਜਾ ਰਹੇ ਨਿਮਾਣੇ ,ਨਿਤਾਣੇ ਲੋਕਾ ਦੀ ਭਲਾਈ ਉੱਤੇ ਖਰਚ ਕਰਨਗੇ।



# ਦਿੱਲੀ 'ਚ 'ਆਪ' ਸਰਕਾਰ ਚੌਥੀ ਵਾਰ ਜਿੱਤ ਹਾਸਿਲ ਕਰਕੇ ਇਤਿਹਾਸ ਰਚੇਗੀ : ਚੇਅਰਮੈਨ ਘੁੱਲੀ

ਧੂਰੀ ( ਰਣਜੀਤ ਸਿੰਘ ਪੇਧਨੀ ) ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਹੋਣ ਵਾਲੀਆ ਵਿਧਾਨ ਸਭਾ ਚੋਣਾ 'ਚ ਆਮ ਆਦਮੀ ਪਾਰਟੀ ਚੌਥੀ ਵਾਰ ਜਿੱਤ ਹਾਸਿਲ ਕਰਕੇ ਇਤਿਹਾਸ ਰਚਣ ਜਾ ਰਹੀ ਹੈ । ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੈਪਸ ਦਫ਼ਤਰ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਕਿਹਾ ਕਿ ਦਿੱਲੀ ਵਿਚ ਆਮ ਆਦਮੀ ਪਾਰਟੀ ਵੱਲੋ ਜਨਤਾ ਨੂੰ ਜੋ ਸਹੂਲਤਾ ਦਿੱਤੀਆ ਗਈਆ ਹਨ ਉਹ ਸਹੂਲਤਾ ਅੱਜ ਤੋ ਪਹਿਲਾ ਕਿਸੇ ਵੀ ਰਵਾਇਤੀ ਪਾਰਟੀਆ ਨੇ ਨਹੀ ਦਿੱਤੀਆ ਇਹੀ ਕਾਰਨ ਹੈ ਜੋ ਦਿੱਲੀ ਦੀ ਜਨਤਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪਸੰਦ ਕਰਦੀ ਹੈ ਅਤੇ ਇਸ ਵਾਰ ਫਿਰ ਆਮ ਆਦਮੀ ਦੀ ਸਰਕਾਰ ਬਣਨਾ ਤਹਿ ਹੈ । ਉਨ੍ਹਾ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਆਮ ਆਦਮੀ ਪਾਰਟੀ ਨੂੰ ਹਰਾਉਣ ਲਈ ਹਰ ਤਰ੍ਹਾ ਦੇ ਹਥ ਕੰਡੇ ਅਪਨਾ ਰਹੀ ਹੈ। ਪਰ ਦਿੱਲੀ ਦੀ ਜਨਤਾ ਪੜੀ ਲਿਖੀ ਅਤੇ ਸੂਝਵਾਨ ਹੈ ਅਤੇ ਉਹ ਚੰਗੀ ਤਰ੍ਹਾ ਪਹਿਚਾਣਦੇ ਹਨ ਕਿ ਕੌਣ ਦਿੱਲੀ ਦੀ ਜਨਤਾ ਦਾ ਭਲਾ ਕਰੇਗਾ ਅਤੇ ਕੌਣ ਜਨਤਾ ਨੂੰ ਲੁਟੇਗਾ । ਉਨ੍ਹਾਂ ਕਿਹਾ ਕਿ ਇਸ ਵਾਰ ਦਿੱਲੀ ਸਰਕਾਰ ਵੱਲੋ ਕੀਤੇ ਕੰਮਾ ਨੂੰ ਦੇਖਦੇ ਹੋਏ ਦਿੱਲੀ ਦੀ ਜਨਤਾ ਚੌਥੀ ਵਾਰ ਮੋਹਰ ਲਗਾ ਕੇ ਆਮ ਆਦਮੀ ਪਾਰਟੀ ਦੇ ਹੱਕ ਵਿਚ ਫਤਵਾ ਦੇਵੇਗੀ ।ਇਸ ਮੌਕੇ ਪੰਚਾਇਤ ਯੂਨੀਅਨ ਦੇ ਬਲਾਕ ਪ੍ਰਧਾਨ ਸਰਪੰਚ ਜੱਗਾ ਭੋਜੋਵਾਲੀ, ਪੰਚਾਇਤ ਯੂਨੀਅਨ ਦੇ ਬਲਾਕ ਜਰਨਲ ਸਕੱਤਰ ਸਰਪੰਚ ਜਸਵੀਰ ਦਾਸ ਢਢੋਗਲ, ਸਰਪੰਚ ਸਰਪੰਚ ਗੋਪੀ ਮੀਮਸਾ, ਸਰਪੰਚ ਸਿਮਰਨਜੀਤ ਸਿੰਘ ਕਾਲਾ ਬਟੂਹਾ ,ਸਰਪੰਚ ਸੁਖਚੈਨ ਸਿੰਘ ਮੂਲੋਂਵਾਲ,ਸਰਪੰਚ ਅਮਨਦੀਪ ਸਿੰਘ ਰਣੀਕੇ,ਸਰਪੰਚ ਜਗਜੀਤ ਸਿੰਘ ਕੱਕੜਵਾਲ , ਸਰਪੰਚ ਬਲਵੀਰ ਸਿੰਘ ਈਸੀ,ਸਰਪੰਚ ਭਗਵਾਨ ਸਿੰਘ ਭਲਵਾਨ,ਸਰਪੰਚ ਰਵਿੰਦਰ ਕੁਮਾਰ ਰਿੰਕਾ ਹਸਨਪੁਰ , ਸਰਪੰਚ ਗੋਪਾਲ ਕ੍ਰਿਸਨ ਬੇਨੜਾ, ਸਰਪੰਚ ਬਹਾਦਰ ਸਿੰਘ ਭਸੌੜ, ਸਰਪੰਚ ਕਰਮਜੀਤ ਸਿੰਘ ਭੁਲਰਹੇੜੀ, ਸਰਪੰਚ ਗੁਰਮੇਲ ਸਿੰਘ ਬੁਰਜ ਗੌਹਰਾ, ਸਰਪੰਚ ਲਾਲੀ ਬੰਗਾਵਾਲੀ, ਸਰਪੰਚ ਅਮਨਦੀਪ ਸਿੰਘ, ਸਰਪੰਚ ਗੋਗਾ ਦੁਗਨੀ, ਸਰਪੰਚ ਡਾ ਅਮਨ ਜਾਤੀਮਾਜਰਾ, ਸਰਪੰਚ ਦਲਵੀਰ ਸਿੰਘ ਧੰਦੀਵਾਲ, ਸਰਪੰਚ ਰਾਮ ਜੀ ਨੱਤ ਹਾਜ਼ਰ ਸਨ।



ਸੰਨ 2015 'ਚ ਬਾਪੂ ਸੂਰਤ ਸਿੰਘ ਖ਼ਾਲਸਾ ਵੱਲੋਂ

# ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖਿਆ ਸੀ ਇਤਿਹਾਸਿਕ ਖ਼ਤ

ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ 'ਚ ਦਹਾਕਿਆਂ ਤੋਂ ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ (ਮਰਨ ਵਰਤ) ਰੱਖ ਕੇ ਸੰਘਰਸ਼ ਲੜਨ ਵਾਲੇ ਬਾਪੂ ਸੂਰਤ ਸਿੰਘ ਜੀ ਖ਼ਾਲਸਾ ਜੋ 93 ਸਾਲ ਦੀ ਉਮਰ 'ਚ ਪਿਛਲੇ ਦਿਨੀਂ ਅਮਰੀਕਾ ਵਿਖੇ 15 ਜਨਵਰੀ 2025 ਨੂੰ ਅਕਾਲ ਚਲਾਣਾ ਕਰ ਗਏ ਸਨ। ਬਾਪੂ ਜੀ ਉਹ ਪੰਥਕ ਸ਼ਖਸੀਅਤ ਨੇ ਜਿਨ੍ਹਾਂ ਨੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ, ਸੰਤ ਬਾਬਾ ਠਾਕੁਰ ਸਿੰਘ ਖ਼ਾਲਸਾ, ਬਾਪੂ ਜੋਗਿੰਦਰ ਸਿੰਘ ਰੋਡੇ, ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ, ਸਰਦਾਰ ਸਿਮਰਨਜੀਤ ਸਿੰਘ ਮਾਨ, ਜਥੇਦਾਰ ਭਾਈ ਧਿਆਨ ਸਿੰਘ ਮੰਡ, ਬੀਬੀ ਬਿਮਲ ਕੌਰ ਖ਼ਾਲਸਾ, ਭਾਈ ਚਰਨਜੀਤ ਸਿੰਘ ਤਲਵੰਡੀ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਭਾਈ ਮੋਹਕਮ ਸਿੰਘ ਆਦਿ ਸੰਘਰਸ਼ੀ ਤੇ ਜੁਝਾਰੂ ਸਿੰਘਾਂ ਨਾਲ ਰਲ਼ ਕੇ ਪੰਥ ਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਅਹਿਮ ਸੇਵਾਵਾਂ ਕੀਤੀਆਂ। ਉਹਨਾਂ ਨੇ ਮਨੁੱਖੀ ਹੱਕਾਂ ਲਈ ਵੀ ਅਥਾਹ ਕਾਰਜ ਕੀਤੇ ਅਤੇ ਇਸ ਦੌਰਾਨ ਅਨੇਕਾਂ ਵਾਰ ਤਸ਼ੱਦਦ ਝੱਲਿਆ ਤੇ ਜੇਲ੍ਹਾਂ ਕੱਟੀਆਂ। ਉਹ ਆਖ਼ਰੀ ਸਵਾਸਾਂ ਤੱਕ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ ਦੇ ਪਹਿਰੇਦਾਰ ਰਹੇ। ਭਾਈ ਗੁਰਬਖਸ਼ ਸਿੰਘ ਖ਼ਾਲਸਾ ਤੋਂ ਬਾਅਦ ਬਾਪੂ ਸੂਰਤ ਸਿੰਘ ਖ਼ਾਲਸਾ ਨੇ 83 ਸਾਲ ਦੀ ਉਮਰ ਵਿੱਚ ਆਪਣੇ ਪਿੰਡ ਹਸਨਪੁਰ, ਜ਼ਿਲ੍ਹਾ ਲੁਧਿਆਣਾ ਵਿਖੇ 16 ਜਨਵਰੀ 2015 ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ ਰਾਹੀਂ ਤਕਰੀਬਨ ਨੌਂ ਸਾਲ ਡਟਵਾਂ ਸੰਘਰਸ਼ ਕੀਤਾ। ਬਾਦਲ ਸਰਕਾਰ ਦੀ ਪੁਲਿਸ ਨੇ ਉਹਨਾਂ ਨੂੰ ਹਿਰਾਸਤ ਵਿੱਚ ਲੈ ਕੇ ਲੁਧਿਆਣਾ ਦੇ ਡੀ.ਐੱਮ.ਸੀ. ਹਸਪਤਾਲ ਵਿੱਚ ਨਜ਼ਰਬੰਦ ਕਰੀ ਰੱਖਿਆ। ਅੰਨ੍ਹ ਤਿਆਗਣ ਕਾਰਨ ਬਾਪੂ ਸੂਰਤ ਸਿੰਘ ਜੀ ਤਿਲ-ਤਿਲ ਕਰਕੇ ਮਰ ਰਹੇ ਸਨ ਪਰ ਉਹਨਾਂ ਆਪਣਾ ਹਠ ਨਾ ਤਿਆਗਿਆ। ਬਾਪੂ ਸੂਰਤ ਸਿੰਘ ਨੂੰ ਕਈ ਲਾਲਚ ਅਤੇ ਡਰਾਵੇ ਵੀ ਦਿੱਤੇ ਗਏ, ਹਸਪਤਾਲ ਵਿੱਚ ਉਹਨਾਂ ਦੇ ਹੱਥ-ਪੈਰ ਜੰਜ਼ੀਰਾਂ ਨਾਲ ਬੰਨ੍ਹੇ ਗਏ ਤੇ ਪੁਲਿਸ ਅਤੇ ਡਾਕਟਰਾਂ ਵੱਲੋਂ ਉਹਨਾਂ ਨੂੰ ਜਬਰੀ ਨਾਲੀ ਰਾਹੀਂ ਖੁਰਾਕ ਦੇਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ। ਬਾਪੂ ਜੀ ਦੇ ਸਿੱਖੀ ਸਿਦਕ, ਸਿਰੜ, ਸਬਰ ਅਤੇ ਪੰਥਕ ਸੇਵਾਵਾਂ ਨੂੰ ਪ੍ਰਣਾਮ ਹੈ। ਬਾਪੂ ਜੀ ਨੇ ਸੰਨ 2023 ਵਿੱਚ ਸਰਬੱਤ ਖ਼ਾਲਸਾ ਵੱਲੋਂ ਥਾਪੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦਾ ਹੁਕਮ ਮੰਨਿਆ ਤੇ ਸੰਘਰਸ਼ ਨੂੰ ਬਦਲਵਾਂ ਰੂਪ ਦੇ ਕੇ ਮੁਹਾਲੀ 'ਚ ਲੱਗੇ ਕੌਮੀ ਇਨਸਾਫ਼ ਮੋਰਚੇ ਦੀ ਹਮਾਇਤ ਕਰ ਦਿੱਤੀ। ਬਾਪੂ ਸੂਰਤ ਸਿੰਘ ਖ਼ਾਲਸਾ ਨੇ ਫਰਵਰੀ 2015 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਖ਼ਤ ਲਿਖ ਕੇ ਭਾਰਤੀ ਸਿਸਟਮ ਦਾ ਸਿੱਖਾਂ ਪ੍ਰਤੀ ਪੱਖਪਾਤੀ ਰਵੱਈਆ ਪੇਸ਼ ਕੀਤਾ ਸੀ ਜਿਸ ਦੀ ਕਾਪੀ ਮੇਰੇ ਕੋਲ ਮੌਜੂਦ ਹੈ। ਅੱਜ ਉਹ ਪੱਤਰ ਮੈਂ ਆਪ ਸੰਗਤਾਂ ਨਾਲ ਸਾਂਝਾ ਕਰ ਰਿਹਾ ਹਾਂ।



**-ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ)**

ਬਾਪੂ ਸੂਰਤ ਸਿੰਘ ਖ਼ਾਲਸਾ ਦਾ ਭਾਰਤ ਦੇ ਪ੍ਰਧਾਨ ਮੰਤਰੀ ਦੇ ਨਾਂਅ ਪੱਤਰ। ਸਤਿਕਾਰਯੋਗ ਨਰਿੰਦਰ ਮੋਦੀ ਜੀ। ਪ੍ਰਧਾਨ ਮੰਤਰੀ, ਭਾਰਤ ਸਰਕਾਰ, ਨਵੀਂ ਦਿੱਲੀ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ। ਅੱਜ ਜਦੋਂ ਮੈਂ 16 ਜਨਵਰੀ 2015 ਤੋਂ ਮਰਨ ਵਰਤ ਉੱਤੇ ਬੈਠਾ ਹਾਂ ਤਾਂ ਮੈਂ ਭਾਰਤੀ ਨਿਜ਼ਾਮ ਵੱਲੋਂ ਸਿੱਖਾਂ ਉੱਤੇ ਕੀਤੇ ਜਬਰ ਦੀ ਕਹਾਣੀ ਬਿਆਨ ਕਰਨ ਲੱਗਾ ਹਾਂ। ਇਹ ਸ਼ਬਦ ਲਿਖਦਿਆਂ ਮੈਂ ਸਿੱਖ ਕੌਮ ਦੇ ਹੱਕੀ ਤੇ ਇਤਿਹਾਸਕ ਰੁਤਬੇ ਨੂੰ ਦੁਹਰਾਅ ਰਿਹਾ ਹਾਂ, ਉਹ ਕੌਮ ਜੋ ਇਸ ਮੁਲਕ ਵਿੱਚ ਆਪਣੀ ਨਿਆਰੀ ਹੋਂਦ ਨੂੰ ਬਰਕਰਾਰ ਰੱਖਣ ਲਈ ਲੜ ਰਹੀ ਹੈ। ਇਹ ਮੁਲਕ ਅੱਜ ਤੁਹਾਡੀ ਅਗਵਾਈ ਹੇਠ 'ਇੱਕ ਬੋਲੀ, ਇੱਕ ਸੱਭਿਆਚਾਰ ਵਾਲ਼ਾ ਮੁਲਕ' ਬਣਨ ਵੱਲ ਵੱਧ ਰਿਹਾ ਹੈ ਅਤੇ ਆਰ.ਐੱਸ.ਐੱਸ. ਮੁੱਖੀ ਵਾਰ-ਵਾਰ 'ਭਾਰਤ ਇੱਕ ਹਿੰਦੂ ਰਾਸ਼ਟਰ' ਆਖਣ ਵਿੱਚ ਝਿਜਕ ਮਹਿਸੂਸ ਨਹੀਂ ਕਰ ਰਹੇ।



83 ਸਾਲ ਦੀ ਉਮਰ ਵਿੱਚ ਮੈਂ ਬਹੁਤ ਅਨਿਆਂ ਤੇ ਜ਼ੁਲਮ ਵੇਖਿਆ। ਜਿਹੜਾ ਕਿ ਮੇਰੇ ਪਿਆਰੇ ਪੰਜਾਬ ਵਿੱਚ ਇੱਥੋਂ ਦੇ ਬਾਸ਼ਿੰਦੇ ਸਿੱਖਾਂ ਅਤੇ ਪੰਜਾਬੀਆਂ ਉੱਤੇ ਢਾਹਿਆ ਗਿਆ। ਇੱਕ ਵਚਨਬੱਧ ਅਕਾਲੀ ਹੋਣ ਦੇ ਨਾਤੇ ਮੈਂ ਕੇਵਲ ਤੇ ਕੇਵਲ ਉਸ ਅਕਾਲ ਪੁਰਖ ਨੂੰ ਨਤਮਸਤਕ ਹਾਂ। ਮੇਰਾ ਉਸ ਅਕਾਲ ਪੁਰਖ ਉੱਤੇ ਪੂਰਾ ਵਿਸ਼ਵਾਸ ਹੈ। ਮੈਂ ਜਾਤੀ ਅਤੇ ਜਮਾਤੀ ਜ਼ਿੰਦਗੀ ਵਿੱਚ ਜੋ ਪ੍ਰਣ ਕੀਤੇ ਹਨ, ਉਹਨਾਂ ਨੂੰ ਵਾਹਿਗੁਰੂ ਦੇ ਓਟ ਅਸਰੇ ਨਾਲ਼ ਪੂਰਾ ਨਿਭਾਇਆ ਹੈ। ਮੈਂ ਪੰਥ ਪ੍ਰਤੀ ਸਮਰਪਣ ਦੀ ਭਾਵਨਾ ਨਾਲ਼ ਅਕਾਲੀ ਸੰਘਰਸ਼ਾਂ ਤੇ ਮੋਰਚਿਆਂ ਵਿੱਚ ਬਿਨਾਂ ਭੈਅ ਤੋਂ ਹਿੱਸਾ ਲਿਆ, ਭਾਵੇਂ ਇਸ ਲਈ ਮੈਨੂੰ ਕਿੰਨੀ ਵੀ ਮੁਸ਼ਕਲ ਕਿਉਂ ਨਾ ਝੱਲਣੀ ਪਈ। ਮੈਂ ਜੂਨ 1984 ਨੂੰ ਨਹੀਂ ਭੁੱਲ ਸਕਦਾ। ਮੈਂ ਅਕਾਲ ਤਖ਼ਤ ਸਾਹਿਬ ਦੀ ਹੋਈ ਬੇਹੁਰਮਤੀ ਨੂੰ ਨਹੀਂ ਭੁੱਲ ਸਕਦਾ। ਮੈਂ ਨਵੰਬਰ 1984 ਨੂੰ ਭਾਰਤ ਵੱਲੋਂ ਕੀਤੇ ਮੌਤ ਦੇ ਨੰਗੇ ਨਾਚ ਨੂੰ ਨਹੀਂ ਭੁੱਲ ਸਕਦਾ। ਮੈਂ ਉਹਨਾਂ ਹਜ਼ਾਰਾਂ ਸਿੱਖ ਨੌਜਵਾਨਾਂ ਦੀ ਪੁਕਾਰ ਨੂੰ ਸੁਣ ਕੇ ਅੱਜ ਵੀ ਰੋਂਦਾ ਹਾਂ, ਜਿਨ੍ਹਾਂ ਨੂੰ ਪੰਜਾਬ ਵਿੱਚ ਗੈਰ-ਕਨੂੰਨੀ ਢੰਗ ਨਾਲ਼ ਮਾਰ ਦਿੱਤਾ ਗਿਆ।

ਮੈਂ ਬਹੁਤ ਦੁੱਖੀ ਹਾਂ, ਜਿਨ੍ਹਾਂ ਨੌਜਵਾਨਾਂ ਨੇ ਆਪਣਾ ਜੇਲ੍ਹ ਦਾ ਸਮਾਂ ਪੂਰਾ ਕਰ ਲਿਆ ਹੈ, ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਅੱਜ ਮਰਦਿਆਂ-ਮਰਦਿਆਂ ਮੈਨੂੰ ਇਸ ਗੱਲ ਦਾ ਵੀ ਬੜਾ ਅਫਸੋਸ ਹੈ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 25-ਬੀ-2 ਨੇ ਮੇਰੀ ਧਾਰਮਿਕ ਹੋਂਦ 'ਤੇ ਹੀ ਸਵਾਲੀਆ ਨਿਸ਼ਾਨ ਖੜ੍ਹਾ ਕੀਤਾ ਹੈ। ਜ਼ਿੰਦਗੀ ਦੇ ਇਸ ਲਮਹੇ ਵਿੱਚ ਇਸ ਗੱਲ ਦਾ ਮੈਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਪਰ ਮੇਰੀ ਕੌਮ ਨੂੰ ਫ਼ਰਕ ਪੈਂਦਾ ਹੈ, ਜਿਹੜੀ ਕਿ ਸ਼ਾਂਤਚਿਤ ਰਹਿ ਕੇ ਇਸ ਮਾਨਸਿਕ ਪੀੜਾ ਨੂੰ ਝੱਲ ਰਹੀ ਹੈ। ਮੈਂ ਆਪਣੀ ਪੂਰੀ ਜ਼ਿੰਦਗੀ ਵਿੱਚ ਇੱਕ ਅਧਿਆਪਕ ਤੇ ਇੱਕ ਸਿਆਸੀ ਕਾਰਕੁੰਨ ਹੋਣ ਦੇ ਨਾਤੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਹਮੇਸ਼ਾਂ ਹੀ ਚਿੰਤਤ ਰਿਹਾ ਹਾਂ।

ਭਾਈ ਗੁਰਬਖ਼ਸ਼ ਸਿੰਘ ਵੱਲੋਂ ਅਧੂਰੇ ਛੱਡੇ ਕਾਰਜ ਨੂੰ ਪੂਰਾ ਕਰਨ ਲਈ ਸਿੱਖ ਇਤਿਹਾਸ ਤੇ ਸਿਧਾਂਤ ਤੋਂ ਪ੍ਰੇਰਣਾ ਲੈਂਦਿਆਂ ਪਿਛਲੀ ਸਦੀ ਦੇ ਸੱਠਵੇਂ ਦਹਾਕੇ ਵਿੱਚ ਦਰਸ਼ਨ ਸਿੰਘ ਫੇਰੂਮਾਨ ਨੇ ਸ਼ਹਾਦਤ ਦੇ ਕੇ ਜੋ ਕਰ ਵਿਖਾਇਆ ਸੀ, ਮੈਂ ਵੀ ਉਸ ਕਾਰਜ ਨੂੰ ਦੁਹਰਾਉਣਾ ਚਾਹੁੰਦਾ ਹਾਂ, ਕਿਉਂਕਿ ਜੇ ਮੈਂ ਨਾ ਕੀਤਾ ਤਾਂ ਮੌਜੂਦਾ ਦੌਰ ਦੇ ਸਿੱਖਾਂ ਦਾ ਅਰਦਾਸ ਤੇ ਇਤਿਹਾਸ ਵਿੱਚੋਂ ਵਿਸ਼ਵਾਸ ਉੱਠ ਜਾਵੇਗਾ। ਕਿਉਂਕਿ ਜੇ ਮੈਂ ਨਾ ਕੀਤਾ ਤਾਂ ਭਾਰਤੀ ਨਿਜ਼ਾਮ ਸਿੱਖਾਂ ਨੂੰ ਕਦੀ ਵੀ ਸੰਜੀਦਗੀ ਨਾਲ਼ ਨਹੀਂ ਲਵੇਗਾ ਅਤੇ ਮੈਂ ਆਪਣੀ ਜ਼ਮੀਰ ਨੂੰ ਜਵਾਬ ਨਹੀਂ ਦੇ ਸਕਾਂਗਾ।

ਸਵਾਲ ਕੁਝ ਸਿਆਸੀ ਕੈਦੀਆਂ ਦੀ ਰਿਹਾਈ ਦਾ ਨਹੀਂ, ਸਵਾਲ ਉਹਨਾਂ ਦੇ ਅਜ਼ਾਦ ਫਿਜ਼ਾ ਵਿੱਚ ਜਿਊਣ ਦਾ ਹੈ, ਸਵਾਲ ਇਹ ਹੈ ਕਿ ਜਿਸ ਵੇਲ਼ੇ ਕੈਦੀ ਜੇਲ੍ਹ ਦੀ ਮਿਆਦ ਨੂੰ ਪੂਰਾ ਕਰ ਲੈਂਦਾ ਹੈ ਤਾਂ ਉਸ ਨੂੰ ਆਪਣੀ ਅਜ਼ਾਦੀ ਵਾਪਸ ਮਿਲਣੀ ਚਾਹੀਦੀ ਹੈ। ਸਵਾਲ ਨਿਆਂ ਦਾ ਹੈ, ਬਰਾਬਰਤਾ ਅਤੇ ਜਾਇਜ਼ ਸਲੂਕ ਦਾ ਹੈ। ਸਵਾਲ ਇਹ ਹੈ ਕਿ ਜੋ ਕਨੂੰਨ ਵੀ.ਆਈ.ਪੀ. ਤੇ ਬਹੁਗਿਣਤੀ ਲੋਕ ਲਈ ਹੁੰਦਾ ਹੈ, ਉਹ ਘੱਟ ਗਿਣਤੀਆਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਲੋਕਾਂ ਲਈ ਵੀ ਹੋਣਾ ਚਾਹੀਦਾ ਹੈ। ਮੁੱਖ ਸਵਾਲ ਇਹ ਹੈ ਕਿ ਕੀ ਸੰਵਿਧਾਨ ਦੇ 66 ਸਾਲਾਂ ਬਾਅਦ ਭਾਰਤੀ ਨਿਜ਼ਾਮ ਸਿੱਖਾਂ ਦੇ ਹੱਕ ਹਕੂਕ ਬਹੁਗਿਣਤੀ ਵਾਂਗ ਦੇਣਾ ਚਾਹੁੰਦਾ ਕਿ ਨਹੀਂ?

ਭਾਰਤੀ ਹਕੂਮਤ ਦੇ ਸਾਰੇ ਅੰਗ ਅਫ਼ਸਰਸ਼ਾਹੀ, ਸਰਕਾਰ ਤੇ ਨਿਆਂਪਾਲਿਕਾ, ਸਾਡੇ ਲਈ ਨਿਆਂ ਨੂੰ ਠੰਢੇ ਬਸਤੇ ਵਿੱਚ ਪਾ ਦਿੰਦੇ ਹਨ। ਸੱਚ ਨੂੰ ਲੁਕੋ ਲੈਂਦੇ ਹਨ। ਤੱਥਾਂ ਨੂੰ ਤਰੋੜ ਮਰੋੜ ਕੇ ਪੇਸ਼ ਕਰਦੇ ਹਨ ਤੇ ਸਿੱਖ ਗੁੰਮਨਾਮ, ਅਨਿਆਂ ਅਤੇ ਬੇਪ੍ਰਤੀਤੀ ਦੇ ਆਲਮ ਵਿੱਚ ਜੀਅ ਰਹੇ ਹਨ।

ਸਿੱਖ ਜੱਥੇਬੰਦੀਆਂ ਅਤੇ ਮੈਂ, ਸਿਆਸੀ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕਰਦੇ ਹਾਂ। ਜਦ ਵੀ ਅਸੀਂ ਮੰਗ ਕਰਦੇ ਹਾਂ ਤਾਂ ਭਾਰਤੀ ਨਿਜਾਮ ਦੇ ਖੋਖਲੇ ਜਵਾਬ ਹੁੰਦੇ ਹਨ। ਇਹ ਮਸਲਾ ਸੁਪਰੀਮ ਕੋਰਟ ਵਿੱਚ ਹੈ, ਜਾਂ ਅਜਿਹੇ ਲੋਕਾਂ ਨੂੰ ਨਹੀਂ ਛੱਡਿਆ ਜਾ ਸਕਦਾ। ਤੁਸੀਂ ਵੀ ਜਾਣਦੇ ਹੋ ਤੇ ਅਸੀਂ ਵੀ ਜਾਣਦੇ ਹਾਂ ਕਿ ਇਸ ਬਾਰੇ ਭਰਮ-ਭੁਲੇਖੇ ਪੈਦਾ ਕਰਨ ਲਈ ਇਹ ਦਲੀਲ ਇੱਕ ਢਾਲ ਹੈ। ਜੋ ਪੂਰੇ ਮੁਲਕ ਨੂੰ ਚਲਾਉਣ ਲਈ ਆਰਡੀਨੈਂਸ ਜਾਰੀ ਕਰ-ਕਰਕੇ ਤੁਸੀਂ ਸਰਕਾਰ ਚਲਾ ਸਕਦੇ ਹੋ ਤਾਂ ਤੁਹਾਡੀ ਸਰਕਾਰ ਅਤੇ ਸੂਬਾਈ ਸਰਕਾਰਾਂ ਨੂੰ ਕੁਝ ਸਿਆਸੀ ਕੈਦੀਆਂ ਨੂੰ ਮਾਨਵਤਾ ਦੇ ਆਧਾਰ ਉੱਤੇ ਛੱਡਣ ਵਿੱਚ ਕੀ ਅੜਚਣ ਆ ਰਹੀ ਹੈ? ਮੇਰੀ ਕੌਮ ਜਾਣਦੀ ਹੈ ਕਿ ਰਾਸ਼ਟਰਪਤੀ, ਪਾਰਲੀਮੈਂਟ, ਵਿਧਾਨ ਸਭਾ ਅਤੇ ਗਵਰਨਰ ਕੋਲ਼ ਅਦਾਲਤੀ ਪ੍ਰਕਿਰਿਆ ਤੋਂ ਬਿਨਾਂ ਵੀ ਕੈਦੀਆਂ ਨੂੰ ਰਿਹਾਅ ਕਰਨ ਦੇ ਕਈ ਰਾਹ ਮੌਜੂਦ ਹਨ। ਜੇਲ੍ਹਾਂ ਵਿੱਚੋਂ ਕੈਦੀਆਂ ਦੀਆਂ ਰਿਹਾਈਆਂ ਦੇ ਮਾਮਲੇ ਵਿੱਚ ਅਫ਼ਸਰਸ਼ਾਹੀ ਭਾਰਤੀ ਕਨੂੰਨ ਦੀ ਮਨਮਰਜ਼ੀ ਦੀ ਵਿਆਖਿਆ ਕਰਦੇ ਸਨ। ਸਮਾਂ ਪੂਰੇ ਕਰ ਚੁੱਕੇ ਕੁਝ ਕੈਦੀਆਂ ਦੀ ਲਗਾਤਾਰ ਜੇਲ੍ਹ ਬੰਦੀ ਭਾਰਤੀ ਸੰਵਿਧਾਨ ਵਿੱਚ ਦਰਜ ਬਰਾਬਰਤਾ ਦੇ ਸਿਧਾਂਤ ਦੀ ਉਲ਼ੰਘਣਾ ਹੈ, ਸਗੋਂ ਇਹ ਸਿੱਧੇ ਤੌਰ 'ਤੇ ਯੂ.ਐੱਨ.ਓ. ਦੇ ਮਨੁੱਖੀ ਅਧਿਕਾਰਾਂ ਬਾਰੇ ਐਲਾਨਨਾਮੇ ਦੀ ਵੀ ਉਲ਼ੰਘਣਾ ਹੈ। ਪਿਛਲੇ ਕਈ ਦਹਾਕਿਆਂ ਤੋਂ ਚੱਲ ਰਹੇ ਸਿੱਖ ਸੰਘਰਸ਼ ਬਾਰੇ ਤੁਹਾਨੂੰ ਕੁਝ ਦੱਸਣ ਦੀ ਲੋੜ ਹੈ, ਜਿਸ ਦੌਰਾਨ ਦੋਵਾਂ ਪਾਸਿਆਂ ਤੋਂ ਬਹੁਤ ਖ਼ੂਨ ਡੁੱਲ੍ਹਿਆ ਹੈ। ਇਸ ਸੰਘਰਸ਼ ਦੌਰਾਨ ਬਹੁਤ ਸਾਰੇ ਸਿੱਖ ਨੌਜਵਾਨ ਨਜ਼ਰਬੰਦ ਕੀਤੇ ਗਏ। ਇਹਨਾਂ ਵਿੱਚੋਂ ਹੀ ਕੁਝ ਸਿੱਖ ਕੈਦੀਆਂ ਨੇ ਬਹੁਤ ਲੰਬੀ ਕੈਦ ਭੁਗਤੀ ਹੈ, ਪਰ ਉਹਨਾਂ ਦੀ ਰਿਹਾਈ ਅੱਜ ਵੀ ਹੁੰਦੀ ਨਜ਼ਰ ਨਹੀਂ ਆ ਰਹੀ ਹੈ। ਇਹਨਾਂ ਸਿੱਖ ਕੈਦੀਆਂ ਨੂੰ ਇਹ ਕੈਦ ਆਪਣੀ ਵਚਨਬੱਧਤਾ, ਆਪਣੇ ਆਦਰਸ਼ ਤੇ ਸਿੱਖ ਸੰਘਰਸ਼ ਦੀਆਂ ਰਾਜਨੀਤਕ ਮੰਗਾਂ ਕਰਕੇ ਕੱਟਣੀ ਪਈ ਹੈ। ਮੇਰੀ ਮੰਗ ਬੜੀ ਸਾਫ ਤੇ ਸਪਸ਼ਟ ਹੈ।

1. ਸਿੱਖ ਸੰਘਰਸ਼ ਨਾਲ਼ ਸਬੰਧਿਤ ਸੁਣਵਾਈ ਅਧੀਨ ਮੁਕਦਮੇ ਅਤੇ ਸਜ਼ਾ-ਯਾਫਤਾ ਸਿੱਖ ਕੈਦੀਆਂ ਨੂੰ ਸਿਆਸੀ ਕੈਦੀਆਂ ਦਾ ਦਰਜਾ (ਰੁਤਬਾ) ਦਿੱਤਾ ਜਾਵੇ।
2. ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀਆਂ ਨੂੰ ਸਰਕਾਰ ਬਿਨਾਂ ਦੇਰੀ ਰਿਹਾਅ ਕਰੇ।

ਮਰਨ ਤੋਂ ਪਹਿਲਾਂ ਲਿਖੇ ਮੇਰੇ ਇਸ ਖ਼ਤ ਨੂੰ ਸਮੇਂ ਸਿਰ ਦਿੱਤੀ ਚਿਤਾਵਨੀ ਵੱਜੋਂ ਲਿਆ ਜਾਵੇ। ਮਤ ਇਹ ਸਮਝਣਾ ਕਿ ਮੇਰੀ ਮੌਤ ਅੰਜਾਈਂ ਜਾਵੇਗੀ। ਮੇਰੇ ਲੋਕ ਉੱਠਣਗੇ ਅਤੇ ਸਿੱਖ ਸੰਘਰਸ਼ ਦੀ ਵਾਗਡੋਰ ਸਾਂਭਣਗੇ ਤੇ ਉਹਨਾਂ ਸਿਆਸੀ ਸਿੱਖ ਕੈਦੀਆਂ ਦੀ ਰਿਹਾਈ ਲਈ ਤੇ ਸਿੱਖ ਹੱਕਾਂ ਲਈ ਖੜਨਗੇ ਅਤੇ ਲੜਨਗੇ। ਮੈਨੂੰ ਲੱਗਦਾ ਹੈ ਕਿ ਸ਼ਾਇਦ ਮੈਂ ਤੁਹਾਨੂੰ ਮਿਲ਼ ਨਾ ਪਾਵਾਂ, ਪਰ ਮੈਨੂੰ ਇਹ ਪਤਾ ਹੈ ਕਿ ਮੇਰਾ ਇਹ ਖ਼ਤ ਤੁਹਾਨੂੰ ਜ਼ਰੂਰ ਝੰਜੋੜੇਗਾ। ਭਾਰਤੀ ਨਿਜ਼ਾਮ ਦੇ ਦੋ ਕਨੂੰਨ ਹਨ, ਜਿਹੜੇ ਇਸ ਬੁਨਿਆਦ 'ਤੇ ਖੜ੍ਹੇ ਹਨ ਕਿ ਜਿਸ ਬੰਦੇ ਨਾਲ਼ ਨਿਆਂ ਕਰਨਾ ਹੈ, ਜਿਸ ਬੰਦੇ ਨੂੰ ਰਿਹਾਅ ਕਰਨਾ ਹੈ, ਉਸ ਦਾ ਧਰਮ ਕੀ ਹੈ ਤੇ ਉਹ ਕਿਹੜੀ ਜਾਤ ਦਾ ਹੈ ਜਾਂ ਕਿਹੜੇ ਮਿਸ਼ਨ ਨਾਲ਼ ਸਬੰਧਿਤ ਹੈ, ਉਸ ਹਿਸਾਬ ਨਾਲ਼ ਉਸ ਦੀ ਰਿਹਾਈ ਦਾ ਜਾਂ ਉਸ ਨਾਲ਼ ਨਿਆਂ ਦਾ ਫ਼ੈਸਲਾ ਕੀਤਾ ਜਾਂਦਾ ਹੈ। ਜੇ ਅਸੀਂ ਇਸ ਭਾਰਤੀ ਉਪ ਮਹਾਂਦੀਪ ਵਿੱਚ ਇਹ ਚਾਹੁੰਦੇ ਹਾਂ ਕਿ ਆਪਸੀ ਭਾਈਚਾਰਕ ਸਾਂਝ ਬਣੀ ਰਹੇ ਤਾਂ ਇਹ ਪੱਖਪਾਤੀ ਨਜ਼ਰੀਆ ਤਿਆਗਣਾ ਪਵੇਗਾ।

ਤੁਹਾਨੂੰ ਆਪਣੇ ਨਵੇਂ ਦੋਸਤ ਅਮਰੀਕਾ ਦੇ ਰਾਸ਼ਟਰਪਤੀ ਮਿਸਟਰ ਬਰਾਕ ਓਬਾਮਾ ਦੀ ਗੱਲ ਨੂੰ ਗੰਭੀਰਤਾ ਨਾਲ਼ ਲੈਣਾ ਚਾਹੀਦਾ ਹੈ ਜਿਨ੍ਹਾਂ ਨੇ ਭਾਰਤੀ ਨਿਜ਼ਾਮ ਦੀ ਧਾਰਮਿਕ ਕੱਟੜਤਾ ਅਤੇ ਅਸਹਿਣਸ਼ੀਲਤਾ ਬਾਰੇ ਇੱਕ ਪ੍ਰਸ਼ਨ ਚਿੰਨ੍ਹ ਖੜ੍ਹਾ ਕੀਤਾ ਹੈ। ਤੁਸੀਂ ਹਰ ਗੱਲ ਨੂੰ ਸਾਡੇ ਤੇ ਤੁਹਾਡੇ ਦੀ ਬਹਿਸ ਵਿੱਚ ਲੈ ਆਉਂਦੇ ਹੋ, ਸੋ ਸਾਡੇ ਲਈ ਇੰਝ ਨਹੀਂ ਹੈ। ਹੁਣ ਗੇਂਦ ਤੁਹਾਡੇ ਖੇਮੇ ਵਿੱਚ ਹੈ।

**ਗੁਰੂ ਪੰਥ ਦਾ ਸੇਵਾਦਾਰ**
**- ਸੂਰਤ ਸਿੰਘ ਖ਼ਾਲਸਾ**
**ਪਿੰਡ ਹਸਨਪੁਰ, ਜ਼ਿਲ੍ਹਾ ਲੁਧਿਆਣਾ।**

# ਕਿਸਾਨੀ ਅੰਦੋਲਨ ਨਾਲ ਕੀ ਹੁਕਮਰਾਨ ਫਿਰ ਤੋਂ ਧੋਖਾ ਤਾਂ ਨਹੀ ਕਰ ਰਹੇ ? : ਮਾਨ

**ਨਵੀਂ ਦਿੱਲੀ, 21 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- "ਸ. ਜਗਜੀਤ ਸਿੰਘ ਡੱਲੇਵਾਲ ਕਿਸਾਨ ਆਗੂ ਨੇ ਜੋ ਜਿੰਮੀਦਾਰਾਂ ਦੀਆਂ ਫਸਲਾਂ ਦੀ ਐਮ.ਐਸ.ਪੀ, ਸੁਆਮੀਨਾਥਨ ਰਿਪੋਰਟ ਨੂੰ ਲਾਗੂ ਕਰਵਾਉਣ, ਕਿਸਾਨੀ ਕਰਜਿਆ ਤੇ ਵੱਡੇ ਧਨਾਢਾਂ ਦੇ ਕਰਜਿਆ ਦੀ ਤਰ੍ਹਾਂ ਲੀਕ ਮਾਰਨ ਤੇ ਹੋਰ ਮੰਗਾਂ ਦੀ ਪੂਰਤੀ ਕਰਵਾਉਣ ਹਿੱਤ ਖਨੌਰੀ ਬਾਰਡਰ ਉਤੇ ਬੀਤੇ 56 ਦਿਨਾਂ ਤੋ ਮਰਨ ਵਰਤ ਸੁਰੂ ਕੀਤਾ ਹੋਇਆ ਹੈ, ਉਸਦਾ ਪੰਜਾਬ, ਹਰਿਆਣਾ, ਹਿਮਾਚਲ, ਜੰਮੂ-ਕਸਮੀਰ ਆਦਿ ਸੂਬਿਆਂ ਵਿਚ ਇਨਸਾਫ ਦੀ ਆਵਾਜ ਹੀ ਨਹੀ ਉੱਠ ਰਹੀ, ਬਲਕਿ ਇਸ ਕਿਸਾਨੀ ਸੰਘਰਸ ਦੀ ਆਵਾਜ ਅਮਰੀਕਾ, ਕੈਨੇਡਾ ਵਰਗੇ ਯੂਰਪਿੰਨ ਮੁਲਕਾਂ ਵਿਚ ਵੱਸਦੇ ਪੰਜਾਬੀਆਂ ਤੇ ਸਿੱਖਾਂ ਵਿਚ ਵੀ ਇਸ ਕਿਸਾਨੀ ਤਕਲੀਫ ਨੂੰ ਮੁੱਖ ਰੱਖਕੇ ਗੰਭੀਰਤਾ ਨਾਲ ਹਮਦਰਦੀ ਪੂਰਵਕ ਅਮਲ ਹੋ ਰਹੇ ਹਨ ।ਉਥੇ ਇਨ੍ਹਾਂ ਮੁਲਕਾਂ ਦੀਆਂ ਹਕੂਮਤਾਂ ਵਿਚ ਵੀ ਪੰਜਾਬ ਤੇ ਇੰਡੀਆ ਦੇ ਕਿਸਾਨਾਂ ਨਾਲ ਹਕੂਮਤੀ ਪੱਧਰ ਤੇ ਹੋ ਰਹੀ ਘੋਰ ਬੇਇਨਸਾਫ਼ੀ ਦੇ ਵਿਰੁੱਧ ਇਕ ਮਜਬੂਤ ਰਾਏ ਬਣ ਰਹੀ ਹੈ ।ਪਰ ਕਿਸਾਨ ਯੂਨੀਅਨ ਦੀ ਅਮਲੀ ਰੂਪ ਵਿਚ ਏਕਤਾ ਨਾ ਹੋਣ ਦੀ ਬਦੌਲਤ ਇਸ ਸੰਘਰਸ਼ ਤੇ ਜਿਥੇ ਕਈ ਸਵਾਲ ਉੱਠਦੇ ਹਨ, ਉਥੇ ਸੈਂਟਰ ਵੱਲੋ ਕਿਸਾਨ ਆਗੂਆਂ ਨਾਲ ਆਈ.ਏ.ਐਸ. ਅਫਸਰਾਨ ਤੇ ਭੇਜੇ ਗਏ ਨੁਮਾਇੰਦਿਆ ਵੱਲੋ ਜੋ ਸ. ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ ਖਤਮ ਕਰਨ ਅਤੇ ਕਿਸਾਨੀ ਮਸਲਿਆ ਨੂੰ ਹੱਲ ਕਰਨ ਲਈ ਵਫਦ ਭੇਜਿਆ ਗਿਆ ਸੀ, ਉਸ ਹੋਈ ਗੱਲਬਾਤ ਅਧੀਨ 111 ਦੇ ਕਰੀਬ ਮਰਨ ਵਰਤ ਤੇ ਬੈਠੇ ਕਿਸਾਨਾਂ ਨੇ ਆਪਣਾ ਮਰਨ ਵਰਤ ਖਤਮ ਕਰ ਦਿੱਤਾ ਹੈ ਅਤੇ ਅਗਲੀ ਗੱਲਬਾਤ ਦੇ ਨਤੀਜੇ ਤੇ ਪਹੁੰਚਣ ਲਈ ਸ. ਡੱਲੇਵਾਲ ਦੀ ਸਹਿਮਤੀ ਨਾਲ 14 ਫਰਵਰੀ ਰੱਖੀ ਹੈ ।ਬੇਸੱਕ ਕਿਸਾਨ ਆਗੂਆਂ ਨੂੰ ਭਰੋਸਾ ਹੈ ਕਿ ਕਿਸਾਨੀ ਮੰਗਾਂ ਨੂੰ ਮੋਦੀ ਹਕੂਮਤ ਪ੍ਰਵਾਨ ਕਰੇਗੀ ਅਤੇ ਮਸਲੇ ਹੱਲ ਹੋ ਜਾਣਗੇ ।ਇਸ ਮੁੱਦੇ ਤੇ ਸਮੁੱਚੇ ਪੰਜਾਬੀ, ਸਿੱਖ ਜਿੰਮੀਦਾਰ, ਮਜਦੂਰ ਸ. ਜਗਜੀਤ ਸਿੰਘ ਡੱਲੇਵਾਲ ਦੇ ਕੀਮਤੀ ਜੀਵਨ ਲਈ ਚਿੰਤਾ ਵਿਚ ਸਨ ।ਜਿਸ ਨੂੰ ਗੱਲਬਾਤ ਰਾਹੀ ਉਨ੍ਹਾਂ ਵੱਲੋ ਡਾਕਟਰੀ ਸਹਾਇਤਾ ਲੈਕੇ ਉਸ ਜੋਖਮ ਨੂੰ ਖਤਮ ਕਰਨ ਵਿਚ ਠੀਕ ਕੀਤਾ ਹੈ ।ਲੇਕਿਨ ਇਹ ਸਥਿਤੀ ਠੀਕ ਹੋਣ ਉਪਰੰਤ ਵੀ ਸਮੁੱਚੇ ਸੰਘਰਸਕਾਰੀਆਂ, ਪੰਜਾਬੀਆਂ ਤੇ ਸਿੱਖਾਂ ਵਿਚ ਇਸ ਗੱਲ ਦੀ ਸੰਕਾ ਖੜ੍ਹੀ ਹੋ ਗਈ ਹੈ ਕਿ ਗੱਲਬਾਤ ਨੂੰ ਸਿਰੇ ਲਗਾਉਣ ਲਈ ਇਕ ਮਹੀਨੇ ਦਾ ਲੰਮਾਂ ਸਮਾਂ ਕਿਉਂ ਰੱਖਿਆ ਗਿਆ ਹੈ ਕੀ ਹੁਕਮਰਾਨ ਦਿੱਲੀ ਵਿਖੇ ਕਿਸਾਨ ਸੰਘਰਸ ਦੀ ਤਰ੍ਹਾਂ ਫਿਰ ਤਾਂ ਕਿਸਾਨਾਂ ਨਾਲ ਧੋਖਾ ਤਾਂ ਨਹੀ ਕਰਨਗੇ ?"



ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੈਂਟਰ ਵੱਲੋ ਭੇਜੇ ਆਈ.ਏ.ਐਸ ਅਫਸਰਾਨ ਅਤੇ ਨੁਮਾਇੰਦਿਆ ਵੱਲੋ ਸ. ਜਗਜੀਤ ਸਿੰਘ ਡੱਲੇਵਾਲ ਨਾਲ ਕਿਸਾਨੀ ਮਸਲਿਆ ਉਤੇ ਕੀਤੀ ਗੱਲ ਅਧੀਨ 111 ਕਿਸਾਨਾਂ ਦੇ ਮਰਨ ਵਰਤ ਨੂੰ ਖਤਮ ਕਰਨ ਅਤੇ ਸ. ਜਗਜੀਤ ਸਿੰਘ ਡੱਲੇਵਾਲ ਵੱਲੋ ਸਹੀ ਢੰਗ ਨਾਲ ਡਾਕਟਰੀ ਸਹਾਇਤਾ ਲੈਕੇ ਸਥਿਤੀ ਨੂੰ ਠੀਕ ਕਰਨ ਦੇ ਨਾਲ-ਨਾਲ ਸੈਂਟਰ ਦੇ ਹੁਕਮਰਾਨਾਂ ਵੱਲੋ 1 ਮਹੀਨਾ ਗੱਲਬਾਤ ਲਈ ਸਮਾਂ ਦੇਣ ਉਤੇ ਪੰਜਾਬੀਆਂ ਤੇ ਸਿੱਖਾਂ ਦੇ ਬਿਨ੍ਹਾਂ ਤੇ ਜੋ ਸੰਕਾ ਖੜ੍ਹੀ ਹੋ ਗਈ ਹੈ ਕਿ ਸੈਂਟਰ ਦੇ ਹੁਕਮਰਾਨ ਦਿੱਲੀ ਕਿਸਾਨ ਸੰਘਰਸ਼ ਦੀ ਤਰ੍ਹਾਂ ਫਿਰ ਤਾਂ ਨਹੀ ਧੋਖਾ ਕਰਨਗੇ, ਇਸ ਉਤੇ ਸ. ਡੱਲੇਵਾਲ ਤੇ ਹੋਰ ਕਿਸਾਨ ਆਗੂਆਂ ਨੂੰ ਉੱਠੇ ਸੰਕਿਆ ਨੂੰ ਨਵਿਰਤ ਕਰਨ ਹਿੱਤ ਸਪੱਸਟ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ ।

ਉਨ੍ਹਾਂ ਕਿਹਾ ਕਿ ਜਦੋ ਸੈਂਟਰ ਦੇ ਹੁਕਮਰਾਨ ਕਿਸਾਨੀ ਮੰਗਾਂ ਨੂੰ ਪੂਰਨ ਕਰਨ ਤੇ ਪ੍ਰਵਾਨ ਕਰਨ ਲਈ ਸੁਹਿਰਦ ਹੈ ਤਾਂ ਸ. ਜਗਜੀਤ ਸਿੰਘ ਡੱਲੇਵਾਲ ਅਤੇ ਹੋਰ ਕਿਸਾਨ ਆਗੂਆਂ ਨਾਲ ਗੱਲਬਾਤ ਕਰਨ ਲਈ 1 ਮਹੀਨੇ ਦਾ ਲੰਮਾਂ ਸਮਾਂ ਦੇਣ ਤੋ ਜਾਪਦਾ ਹੈ ਕਿ ਸਰਕਾਰ ਕਿਸਾਨਾਂ ਨਾਲ ਫਿਰ ਕੋਈ ਕਿਸੇ ਤਰ੍ਹਾਂ ਦੀ ਬੇਇਨਸਾਫ਼ੀ ਜਾਂ ਧੋਖਾ ਨਾ ਕਰ ਦੇਵੇ ਅਤੇ ਚੱਲ ਰਹੇ ਕਿਸਾਨੀ ਸੰਘਰਸ਼ ਜੋ ਇਸ ਸਮੇ ਟੀਸੀ ਤੇ ਪਹੁੰਚਿਆ ਹੋਇਆ ਹੈ, ਉਸ ਨੂੰ ਸੱਟ ਮਾਰਨ ਦੀ ਸਾਜਿਸ ਨਾ ਰਚ ਦੇਵੇ ? ਇਸ ਲਈ ਸ. ਡੱਲੇਵਾਲ ਜਿਨ੍ਹਾਂ ਦੀ ਆਪਣੇ ਸੰਘਰਸ਼ ਪ੍ਰਤੀ ਸੰਜ਼ੀਦਗੀ ਉਤੇ ਕੋਈ ਸਵਾਲ ਨਹੀ ਪਰ ਉਨ੍ਹਾਂ ਵੱਲੋ ਉੱਠੇ ਸੰਕਿਆ ਨੂੰ ਦੂਰ ਕਰਨ ਲਈ ਬਣਦਾ ਹੈ ਕਿ ਉਹ ਸੈਂਟਰ ਦੇ ਨੁਮਾਇੰਦਿਆ ਨਾਲ ਹੋਈ ਗੱਲਬਾਤ ਦੇ ਤੱਥ ਅਤੇ ਇਕ ਮਹੀਨੇ ਦੇ ਵਕਫੇ ਦੇ ਸੰਬੰਧ ਵਿਚ ਉੱਠ ਰਹੇ ਪ੍ਰਸ਼ਨਾਂ ਦਾ ਅੰਤ ਕਰਨ ਲਈ ਪ੍ਰਤੱਖ ਰੂਪ ਵਿਚ ਸਮੁੱਚੇ ਕਿਸਾਨ-ਮਜਦੂਰ, ਪੰਜਾਬੀਆਂ, ਸਿੱਖ ਕੌਮ ਨੂੰ ਸਪੱਸਟ ਕਰ ਦੇਣ ਤਾਂ ਕਿ ਇਹ ਕਿਸਾਨੀ ਮਸਲਿਆ ਦਾ ਸੰਘਰਸ਼ ਸਹੀ ਢੰਗ ਨਾਲ ਆਪਣੇ ਆਖਰੀ ਫੈਸਲੇ ਤੇ ਪਹੁੰਚ ਸਕੇ ।ਸੰਘਰਸ਼ੀਲ ਵਰਗ ਪੰਜਾਬੀਆਂ ਤੇ ਸਿੱਖਾਂ ਵਿਚ ਕਿਸੇ ਤਰ੍ਹਾਂ ਦੀ ਫਿਰ ਤੋ ਨਮੋਸੀ ਨਾ ਉੱਠੇ ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਸ. ਡੱਲੇਵਾਲ ਅਤੇ ਹੋਰ ਸਭ ਕਿਸਾਨ ਆਗੂ ਇਨ੍ਹਾਂ ਤੋਖਲਿਆ ਨੂੰ ਸਹੀ ਢੰਗ ਨਾਲ ਦੂਰ ਕਰ ਦੇਣਗੇ ।ਤਾਂ ਕਿ ਕਿਸਾਨ ਸੰਘਰਸ਼ ਤੇ ਸਮੁੱਚੇ ਪੰਜਾਬੀ ਤੇ ਸਿੱਖ ਕੌਮ ਦੇ ਮਨ-ਆਤਮਾ ਵਿਚ ਇਸ ਸੰਜ਼ੀਦਾ ਵਿਸੇ ਉਤੇ ਕੋਈ ਭਰਮ ਭੁਲੇਖਾ ਨਾ ਰਹੇ ।

# ਸ਼ਹਿਰ 'ਚ ਵੱਖ ਵੱਖ ਹੋ ਰਹੀਆਂ ਵਾਰਦਾਤਾਂ ਕਾਰਨ ਤੋਂ ਲੋਕ ਪਰੇਸ਼ਾਨ : ਕੁਲਦੀਪ ਸਿੰਘ ਬੁੱਟਰ

**ਧੂਰੀ (ਰਣਜੀਤ ਸਿੰਘ ਪੇਧਨੀ)**-ਧੂਰੀ ਸ਼ਹਿਰ ਅੰਦਰ ਪਿਛਲੇ ਸਮੇਂ ਤੋਂ ਚੋਰੀਆਂ ਦਾ ਸਿਲਸਿਲਾ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਪ੍ਰਸਾਸਨ ਅਧਿਕਾਰੀ ਪੁਲੀਸ ਨਫਰੀ ਨਾ ਹੋਣ ਦਾ ਹਵਾਲਾ ਦੇ ਕੇ ਹਰ ਪੱਖ ਤੋਂ ਪੱਲਾ ਝਾੜ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਕੁਲਦੀਪ ਸਿੰਘ ਬੁੱਟਰ ਨੇ ਕੀਤਾ। ਉਨ੍ਹਾਂ ਕਿਹਾ ਕਿ ਇੱਕ ਰਾਤ ਵਿੱਚ ਕਈ ਕਈ ਚੋਰੀਆਂ ਹੋ ਰਹੀਆਂ ਹਨ ,ਦਿਨ ਦਿਹਾੜੇ ਲੁੱਟਾਂ ਖ਼ੂਹਾਂ ਕਰਨ ਵਾਲੇ ਚੋਰਾਂ ਦੇ ਹੌਂਸਲੇ ਬੁਲੰਦ ਹਨ, ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਸ਼ਹਿਰ ਧੂਰੀ 'ਚ ਲਗਾਤਾਰ ਹੋ ਰਹੀਆਂ ਚੋਰੀ ਅਤੇ ਲੁੱਟ ਦੀਆਂ ਘਟਨਾਵਾਂ ਤੋਂ ਬਾਅਦ ਪੁਲਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਨੇ ਚੋਰਾਂ ਲੁਟੇਰਿਆਂ ਦੇ ਹੌਂਸਲੇ ਐਨੇ ਬੁਲੰਦ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਲੋਕ ਜਿੱਥੇ ਸ਼ਹਿਰ ਵਿੱਚ ਵੱਖ-ਵੱਖ ਵਾਰਦਾਤਾਂ ਤੋਂ ਪਰੇਸ਼ਾਨ ਹਨ ਉੱਥੇ ਰਾਤ ਦੇਰ ਤੱਕ ਵੱਜਦੇ ਡੀਜੇਆਂ ਤੋਂ ਵੀ ਪਰੇਸ਼ਾਨ ਹਨ।



# ਜ਼ਰੂਰੀ ਮੁਰੰਮਤ ਦੌਰਾਨ ਬਿਜਲੀ ਰਹੇਗੀ ਬੰਦ

**ਚੌਕ ਮਹਿਤਾ, 21 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਉਪ ਮੰਡਲ ਅਫ਼ਸਰ ਗੋਲਡਨ ਟੇਂਪਲ ਉਂਕਾਰ ਸਿੰਘ ਨੇ ਦੱਸਿਆ ਕਿ 132 ਕੇ ਵੀ ਮਾਲ ਮੰਡੀ ਜੀ ਟੀ ਰੋਡ ਅਤੇ 66 ਕੇ ਵੀ ਗੋਲਡਨ ਟੈਂਪਲ ਘਿਓ ਮੰਡੀ ਤੋ ਚਲਦੇ ਫੀਡਰ 11 ਕੇ ਵੀ ਸਰਾਏ ਗੁਰੂ ਰਾਮ ਦਾਸ ਅਤੇ 11 ਕੇ ਵੀ ਲੱਕੜ ਮੰਡੀ ਫੀਡਰ ਮਿਤੀ 22-01-25 ਦਿਨ ਬੁੱਧਵਾਰ ਸਵੇਰੇ 10:00 ਵਜੇ ਤੋਂ ਸ਼ਾਮ 5:00 ਵਜੇ ਤੱਕ 11 ਕੇ.ਵੀ ਸਰਾਏ ਗੁਰੂ ਰਾਮ ਦਾਸ ਜੀ ਦਾ ਡੀ.ਲੋਡਿੰਗ,ਮੇਨਟੀਨਸ ਦਾ ਕੰਮ ਕਰਨ ਲਈ ਬਿਜਲੀ ਬੰਦ ਰਹੇਗੀ ਜਿਸ ਦੌਰਾਨ ਚੌਕ ਪ੍ਰਾਗਦਾਸ, ਚੌਕ ਮੰਨਾ ਸਿੰਘ,ਚੌਕ ਬਾਬਾ ਸਾਹਿਬ, ਘੰਟਾ ਘਰ,ਗਲੀ ਗੁਜਰਾ, ਅਤੇ ਲਕੜ ਮੰਡੀ ਬਜਾਰ, ਨੀਵੀ ਗਲੀ ਬਜਾਰ ਕਾਰਖਾਨਾ ਮਾਹਣਾ ਸਿੰਘ ਰੋਡ ਆਦਿ ਇਲਾਕਿਆਂ ਦੀ ਬਿਜਲੀ ਸਪਲਾਈ ਬੰਦ ਰਹੇਗੀ।

### ਫੈਡਰੇਸ਼ਨ ਮਹਿਤਾ ਦੀ ਗੁਰੂ ਨਾਨਕ ਕਾਲਜ ਵਿਚ ਇਕਾਈ ਸਥਾਪਿਤ

# ਜਸਕਰਨ ਸਿੰਘ ਪ੍ਰਧਾਨ ਤੇ ਕਰਤਾਰ ਸਿੰਘ ਜਨਰਲ ਸਕੱਤਰ ਬਣੇ



**ਫ਼ਿਰੋਜ਼ਪੁਰ, 21 ਜਨਵਰੀ (ਮਨੋਹਰ ਲਾਲ) :—** ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਖੇਤਰ ਵਿਚ ਆਪਣਾ ਅਹਿਮ ਰੋਲ ਨਿਭਾਅ ਰਹੀ ਸਿੱਖ ਕੌਮ ਦੀ ਜੁਝਾਰੂ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਵੱਲੋਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਆਪਣੇ ਯੂਨਿਟ ਸਥਾਪਤ ਕਰਨ ਦੇ ਕੀਤੇ ਐਲਾਨ ਨੂੰ ਅਮਲੀ ਰੂਪ ਦਿੰਦਿਆਂ ਫ਼ਿਰੋਜ਼ਪੁਰ ਦੇ ਨਾਮਵਰ ਕਾਲਜ ਆਰ.ਐਸ.ਡੀ ਵਿਚ ਆਪਣੀ ਇਕਸਾਈ ਸਥਾਪਤ ਕਰਨ ਤੋਂ ਬਾਅਦ ਅੱਜ ਫ਼ਿਰੋਜ਼ਪੁਰ ਛਾਉਣੀ ਦੇ ਪੁਰਾਣੇ ਅਤੇ ਮਸ਼ਹੂਰ ਗੁਰੂ ਨਾਨਕ ਕਾਲਜ ਵਿਚ ਵੀ ਆਪਣੀ ਇਕਾਈ ਸਥਾਪਤ ਕਰ ਲਈ। ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ, ਜਰਨੈਲ ਸਿੰਘ ਗਾਬੜੀਆ, ਡਾ: ਗੁਰਮੀਤ ਸਿੰਘ, ਕੁਲਦੀਪ ਸਿੰਘ ਨੰਢਾ, ਸੁਖਦਰਸ਼ਨ ਸਿੰਘ ਬੱਬੀ, ਕਿਰਨਦੀਪ ਸਿੰਘ ਪੱਲੀ ਅਤੇ ਕੁਲਦੀਪ ਸਿੰਘ ਲੋਕੋ ਆਦਿ ਨੇ ਨਵੇਂ ਸ਼ਾਮਲ ਹੋਣ ਵਾਲੇ ਵਰਕਰਾਂ ਨੂੰ ਫੈਡਰੇਸ਼ਨ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਇਸ ਦੀਆਂ ਕੌਮ ਅਤੇ ਦੇਸ਼ ਪ੍ਰਤੀ ਆਪਣੇ ਵੱਡਮੁੱਲੇ ਪਾਏ ਯੋਗਦਾਨ ਤੋਂ ਵੀ ਜਾਣੂ ਕਰਵਾਉਂਦਿਆਂ ਜੈਕਾਰਿਆਂ ਦੀ ਗੂੰਜ ਵਿਚ ਸਿਰੋਪਾਓ ਦੇ ਕੇ ਇਨ੍ਹਾਂ ਦੀ ਸ਼ਮੂਲੀਅਤ ਦਾ ਐਲਾਨ ਕੀਤਾ। ਨਵੇਂ ਸ਼ਾਮਲ ਹੋਏ ਵਰਕਰਾਂ ਵਿਚ ਜ਼ਸਕਰਨ ਸਿੰਘ ਨੂੰ ਕਾਲਜ ਇਕਾਈ ਦਾ ਪ੍ਰਧਾਨ ਕਾਰਤਕ ਸਿੰਘ ਗੁਲਾਟੀ ਨੂੰ ਜਨਰਲ ਸਕੱਤਰ ਅਤੇ ਹਰਿੰਦਰਪਾਲ ਸਿੰਘ ਨੂੰ ਜਥੇਬੰਦਕ ਸਕੱਤਰ ਬਣਾ ਕੇ ਬਾਕੀ ਅਹੁਦੇਦਾਰਾਂ ਦੇ ਅਧਿਕਾਰ ਇਨ੍ਹਾਂ ਨੂੰ ਦਿੱਤੇ ਗਏ। ਇਸ ਇਕਾਈ ਸਥਾਪਤ ਕਰਨ ਤੇ ਗੁਰਵਰਪ੍ਰੀਤ ਸਿੰਘ ਢਿੱਲੋਂ ਅਤੇ ਲਕਸ਼ਪ੍ਰੀਤ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ। ਨਵੇਂ ਸ਼ਾਮਲ ਹੋਏ ਵਰਕਰਾਂ ਵਿਚ ਸਨਮਦੀਪ ਸਿੰਘ ਕੰਬੋਜ਼, ਫਤਹਿ ਸਿੰਘ, ਗੁਰਦੀਪ ਸਿੰਘ, ਦਿਲਪ੍ਰੀਤ ਸਿੰਘ ਜੈਬਰ, ਨਰਿੰਦਰ ਸਿੰਘ, ਗੁਰਲਾਲ ਸਿੰਘ, ਸੁਖਮਨਦੀਪ ਸਿੰਘ ਸੰਧੂ, ਗੁਰਪ੍ਰੀਤ ਸਿੰਘ, ਅਨਮੋਲ ਸਿੰਘ, ਗੁਰਦੇਵ ਸਿੰਘ, ਸਨਦੀਪ ਸਿੰਘ, ਇਕਬਾਲ ਸਿੰਘ, ਪਰਮਿੰਦਰ ਸਿੰਘ, ਹਰਪ੍ਰੀਤ ਸਿੰਘ, ਰਾਜ ਸਿੰਘ ਆਦਿ ਨੇ ਸੀਨੀਅਰ ਆਗੂਆਂ ਨੂੰ ਵਿਸਵਾਸ਼ ਦਿਵਾਇਆ ਕਿ ਉਹ ਜਥੇਬੰਦੀ ਦੇ ਮੋਢੇ ਨਾਲ ਮੋਢਾ ਜੋੜ ਕੇ ਦੇਸ਼ ਕੌਮ ਦੀ ਸੇਵਾ ਵਿਚ ਹਮੇਸ਼ਾ ਤੱਤਪਰ ਰਹਿਣਗੇ।

### ਏਡੀਜੀਪੀ ਟਰੈਫਿਕ ਪੰਜਾਬ ਵੱਲੋਂ

# ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਚੌਕ ਮਹਿਤਾ, 21 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀ ਏ.ਐਸ ਰਾਏ, ਆਈਪੀਐਸ, ਏਡੀਜੀਪੀ ਟਰੈਫਿਕ ਪੰਜਾਬ ਅਤੇ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਆਈਪੀਐਸ, ਕਮਿਸ਼ਨਰ ਪੁਲਿਸ ਵੱਲੋਂ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ । ਇਸ ਸਮੇਂ ਏਡੀਜੀਪੀ ਟਰੈਫਿਕ ਨੇ ਕਿਹਾ ਮਾਨਯੋਗ ਡੀਜੀਪੀ, ਪੰਜਾਬ ਦੀਆਂ ਹਦਾਇਤਾਂ ਤੇ ਅੰਮ੍ਰਿਤਸਰ ਸਿਟੀ ਵਿਜਿਟ ਕੀਤਾ ਹੈ, ਅੱਜ ਦਾ ਇਹ ਵਿਜਿਟ ਦਾ ਮੁੱਖ ਮੰਤਵ 26 ਜਨਵਰੀ, ਗਣਤੰਤਰ ਦਿਵਸ ਦੌਰਾਨ ਸੁਰੱਖਿਆ ਪ੍ਰਬੰਧਾਂ ਬਾਰੇ ਜਾਇਜਾ ਤੇ ਜਾਣਕਾਰੀ ਲੈਣ ਸਬੰਧੀ ਪੁਲਿਸ ਕਮਿਸ਼ਨਰ, ਅੰਮ੍ਰਿਤਸਰ ਸਮੇਤ ਅਫ਼ਸਰਾਂ ਨਾਲ ਬੈਠਕ ਕਰਕੇ ਸਿਕਿਉਰਿਟੀ ਅਰੇਂਜਮੈਂਟ ਬਾਰੇ ਡਿਸਕਸ ਕੀਤਾ ਅਤੇ ਡਿਸਕਸ਼ਨ ਤੋਂ ਬਾਅਦ ਗਰਾਊਂਡ ਤੇ ਜਾ ਕੇ ਪੁਲਿਸ ਸਟੇਸ਼ਨ ਛੇਹਰਟਾ ਤੇ ਇਸਲਾਮਾਬਾਦ ਜਾ ਕੇ ਥਾਨਿਆਂ ਦੇ ਵਿੱਚ ਕੈਮਰੇ ਦਾ ਸਿਸਟਮ, ਥਾਣਿਆਂ ਦੇ ਸਕਸੈਸ ਕੰਟਰੋਲ ਦਾ ਸਿਸਟਮ ਚੈੱਕ ਕੀਤਾ ਗਿਆ। ਇਹ ਚੈੱਕ ਕਰਨ ਤੋਂ ਬਾਅਦ ਗਾਂਧੀ ਗਰਾਊਂਡ ਚ ਸਿਕਿਉਰਟੀ ਅਰੇਂਜਮੈਂਟ ਦੇਖੇ । ਉਹਨਾਂ ਕਿਹਾ ਕਿ ਅੰਮ੍ਰਿਤਸਰ ਸਿਟੀ ਪੁਲਿਸ ਵੱਲੋਂ ਜੋ ਨਾਈਟ ਡੋਮੀਨੇਸ਼ਨ ਆਪਰੇਸ਼ਨ ਚਲਾਏ ਜਾ ਰਹੇ ਨੇ ਉਹਨਾਂ ਬਾਰੇ ਜਾਣਕਾਰੀ ਹਾਸਿਲ ਕੀਤੀ, ਇਹਨਾਂ ਨਾਈਟ ਡੋਮੀਨੇਸ਼ਨਾਂ ਨੂੰ ਕਮਿਸ਼ਨਰ ਪੁਲਿਸ ਅੰਮ੍ਰਿਤਸਰ, ਆਪ ਲੀਡ ਕਰਦੇ ਨੇ ਡੀਸੀਪੀ , ਏਡੀਸੀਪੀ ਏਸੀਪੀ ਤੇ ਪੁਲਿਸ ਫੋਰਸ ਵੱਲੋਂ ਬੜੀ ਤਨਦੇਹੀ ਨਾਲ ਡਿਊਟੀ ਕੀਤੀ ਜਾ ਰਹੀ ਹੈ। 26 ਜਨਵਰੀ ਗਣਤੰਤਰ ਦਿਵਸ ਲਈ ਆਪਾਂ ਪੂਰੀ ਤਿਆਰੀ ਰੱਖੀਏ । ਉਹਨਾਂ ਕਿਹਾ ਕਮਿਸ਼ਨਰ ਪੁਲਿਸ ਅੰਮ੍ਰਿਤਸਰ ਦਾ ਪਿਛਲੇ ਸਾਲ ਦਾ ਕਰਾਈਮ ਦੇਖਿਆ ਜਿਸ ਵਿੱਚ 128 ਕਿਲੋ ਹੈਰੋਇਨ ਦੀ ਬਰਾਮਦ ਕੀਤੀ ਗਈ ਹੈ ਜੋ ਕਿ ਬਹੁਤ ਵੱਡੀ ਉਪਲਬਧੀ ਹੈ। ਓਹਨਾ ਕਿਹਾ ਅਸੀਂ ਤਿਆਰ ਹਾਂ ਕੋਈ ਵੀ ਗਲਤ ਆਨਸਰ ਨੂੰ ਕੋਈ ਵੀ ਮਾੜਾ ਕੰਮ ਕਰਨ ਦੀ ਇੱਥੇ ਇਜਾਜ਼ਤ ਨਹੀਂ ਦਿੱਤੀ ਜਾਏਗ ਤੇ ਆਉਣ ਵਾਲਾ 26 ਜਨਵਰੀ ਦਾ ਦਿਹਾੜਾ ਖੁਸ਼ੀ ਨਾਲ ਮਨਾਇਆ ਜਾਏਗਾ। ਇਸ ਤੋਂ ਇਲਾਵਾ ਕਮਿਸ਼ਨਰਏਟ ਪੁਲਿਸ ਅੰਮ੍ਰਿਤਸਰ ਵੱਲੋਂ ਬੱਸ ਸਟੈਂਡ ਤੇ ਰੇਲਵੇ ਸਟੇਸ਼ਨ ਦੀ ਚੱਪੇ ਚੱਪੇ ਦੀ ਚੈਕਿੰਗ ਕੀਤੀ ਗਈ।

# ਸਿਹਤ ਵਿਭਾਗ ਵੱਲੋਂ ਦੰਦਾਂ ਦੀ ਦੇਖਭਾਲ ਲਈ ਲਗਾਇਆ ਗਿਆ ਵਿਸ਼ੇਸ਼ ਕੈਂਪ

**ਚੌਕ ਮਹਿਤਾ, 21 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਿਪਟੀ ਡਾਇਰੈਕਟਰ ਡੈਂਟਲ ਡਾ ਜਗਨਜੋਤ ਕੌਰ ਦੀ ਅਗਵਾਈ ਹੇਠ ਯੂ.ਪੀ.ਐਚ. ਸੀ. ਮੁਸਤਫਾਬਾਦ ਵਿਖੇ ਇੱਕ ਦੰਦਾਂ ਦੀ ਦੇਖਭਾਲ ਸਬੰਧੀ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਦੌਰਾਨ ਇਲਾਕੇ ਦੀਆਂ ਸਮੂਹ ਗਰਭਵਤੀ ਔਰਤਾਂ ਅਤੇ ਆਮ ਲੋਕਾਂ ਦੇ ਦੰਦਾਂ ਦਾ ਮੁਫਤ ਇਲਾਜ ਅਤੇ ਚੈਕ ਅਪ ਕੀਤਾ ਗਿਆ। ਇਸ ਦੌਰਾਨ ਡਾ ਜਗਨਜੋਤ ਕੌਰ ਵੱਲੋਂ ਮੂੰਹ ਅਤੇ ਦੰਦਾਂ ਦੀ ਦੇਖਭਾਲ ਬਾਰੇ ਬੜੇ ਵਿਸਥਾਰ ਨਾਲ ਦੱਸਿਆ ਗਿਆ। ਉਹਨਾਂ ਆਖਿਆ ਕਿ ਤੰਬਾਕੂ ਨੋਸ਼ੀ, ਪਾਨ ਅਤੇ ਗੁਟਕਾ ਆਦਿ ਨਾਲ ਦੰਦਾਂ ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ ਇਸ ਦੇ ਨਾਲ ਮੂੰਹ ਦਾ ਕੈਂਸਰ ਅਤੇ ਹੋਰ ਦੰਦਾਂ ਦੇ ਗੰਭੀਰ ਰੋਗ ਹੋ ਸਕਦੇ ਹਨ , ਉਹਨਾਂ ਦੱਸਿਆ ਕਿ ਸਾਨੂੰ ਸਮੇਂ ਸਮੇਂ ਤੇ ਆਪਣੇ ਦੰਦਾਂ ਦੀ ਜਾਂਚ ਕਰਾਉਣੀ ਚਾਹੀਦੀ ਹੈ ਅਤੇ ਕਿਸੇ ਵੀ ਦੰਦਾਂ ਦੀ ਬਿਮਾਰੀ ਹੋਣ ਦੀ ਸੂਰਤ ਵਿੱਚ ਸਰਕਾਰੀ ਹਸਪਤਾਲ ਵਿੱਚ ਜਾ ਕੇ ਮਾਹਰ ਡਾਕਟਰਾਂ ਪਾਸੋਂ ਆਪਣਾ ਇਲਾਜ ਕਰਾਉਣਾ ਚਾਹੀਦਾ ਹੈ। ਇਸ ਮੌਕੇ ਤੇ ਡਾ ਰਵਿੰਦਰ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਕੈਂਪ ਦੀ ਸੁਚੱਜੀ ਮੈਨੇਜਮੈਂਟ ਕੀਤੀ ਗਈ। ਇਸ ਮੌਕੇ ਡਾ ਗੁਰਿੰਦਰ ਬੀਰ ਸਿੰਘ, ਡਾ ਤਰਨਦੀਪ ਕੌਰ, ਡਾ ਜਸਮੀਤ ਕੌਰ ਅਤੇ ਸੁਖਜੀਤ ਕੌਰ ਸਮੇਤ ਸਮੂਹ ਸਟਾਫ ਹਾਜ਼ਰ ਸਨ।



## ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਪਿੰਡ ਬੁੱਕਣ ਖਾਂ ਵਿਖੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ 27 ਜਨਵਰੀ ਨੂੰ ਗੁਰਮਤਿ ਸਮਾਗਮ ਤੇ 26 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ : ਗਿਆਨੀ ਸੁਖਦੇਵ ਸਿੰਘ ਖਾਲਸਾ



**ਫ਼ਿਰੋਜ਼ਪੁਰ, 21 ਜਨਵਰੀ (ਮਨੋਹਰ ਲਾਲ) :—**ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਪਿੰਡ ਬੁੱਕਣ ਖਾਂ ਵਾਲਾ ਫ਼ਿਰੋਜ਼ਪੁਰ ਵਿਖੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ 27 ਜਨਵਰੀ ਨੂੰ ਗੁਰਮਤਿ ਸਮਾਗਮ ਤੇ 26 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਜਾਣਕਾਰੀ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਬੁੱਕਣ ਖਾਂ ਫ਼ਿਰੋਜ਼ਪੁਰ ਦੇ ਮੁੱਖ ਸੇਵਾਦਾਰ ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਿੱਖ ਕੌਮ ਦੇ ਮਹਾਨ ਅਤੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆ 27 ਜਨਵਰੀ 2025 ਦਿਨ ਸੋਮਵਾਰ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਰਾਗੀ, ਢਾਡੀ, ਕਥਾਵਾਚਕ ਜਥਿਆਂ ਵੱਲੋਂ ਆਪਣੀ ਸੁਰੀਲੀ ਆਵਾਜ਼ ਨਾਲ ਗੁਰਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ 26 ਜਨਵਰੀ 2025 ਦਿਨ ਐਤਵਾਰ (13 ਮਾਘ) ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ 5 ਪਿਆਰਿਆਂ ਦੀ ਅਗਵਾਈ ਵਿਚ ਝੂਲਦੇ ਨਿਸ਼ਾਨ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਤੋਂ ਪ੍ਰਾਰੰਭ ਹੋ ਕੇ ਪਿੰਡ ਬੁੱਕਣ ਖਾਂ ਵਾਲਾ ਤੋਂ ਸੈਦੇ ਕੇ ਰੁਹੇਲਾ, ਬਸਤੀ ਨੱਥੇਸ਼ਾਹ, ਧੀਰਾ ਪੱਤਰਾ, ਮੋਹਰੇ ਵਾਲਾ, ਨਸੀਰਾ ਖਲਚੀਆਂ, ਚੂਹੜ ਖਲਚੀਆਂ, ਚੱਕ ਰੋੜਾਂ ਵਾਲਾ, ਮਹਿਮਾ, ਭਾਵਨਾ ਆਜ਼ਮ ਸ਼ਾਹ, ਗਾਮੇਵਾਲਾ, ਬਾਲੇਵਾਲਾ, ਗੋਬਿੰਦ ਨਗਰ ਠਾਠ ਨਾਨਕਸਰ, ਮੀਰਾ ਸ਼ਾਹ ਨੂਰ, ਹਾਜੀ ਵਾਲਾ, ਬਸਤੀ ਕੀਮੇਵਾਲੀ, ਬਸਤੀ ਨੇਕ ਵਾਲੀ, ਫੱਤੂਵਾਲਾ, ਜੀਆਂ ਬੱਗਾ, ਗੁਰਦੁਆਰਾ ਕਰਮਸਰ, ਝੋਕ ਹਰੀਹਰ ਤੋਂ ਬੁੱਕਣ ਖਾਂ ਵਾਲਾ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਵਿਚ ਸਮਾਪਤੀ ਦੀ ਅਰਦਾਸ ਹੋਵੇਗੀ। ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ ਇਸ ਵਿਸ਼ਾਲ ਨਗਰ ਕੀਰਤਨ ਅਤੇ ਸਮਾਗਮ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਾਈ ਗੁਰਦੀਪ ਸਿੰਘ ਨੰਬਰਦਾਰ ਅਤੇ ਉਨ੍ਹਾਂ ਦਾ ਪਰਿਵਾਰ ਹਰ ਤਰ੍ਹਾਂ ਦੀ ਤਨ, ਮਨ, ਧੰਨ ਨਾਲ ਸੇਵਾ ਕਰਦਾ ਹੈ। ਇਸ ਵਾਰ ਵੀ ਵਿਸ਼ੇਸ਼ ਤੌਰ ਤੇ ਸੇਵਾ ਕਰੇਗਾ। ਇਸ ਮੌਕੇ ਤੇ ਸ਼ਹੀਦ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਗੱਤਕਾ ਅਖਾੜੇ ਵਾਲੇ ਗੱਤਕੇ ਦੇ ਜ਼ੌਹਰ ਵਿਖਾਏ ਜਾਣਗੇ। ਇਸ ਮੌਕੇ ਤੇ ਪਿੰਡ ਮਹਿਮਾ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਵੇਗੀ। ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਕਾਰਾਂ, ਜੀਪਾਂ, ਟਰੈਕਟਰ—ਟਰਾਲੀਆਂ ਲੈ ਕੇ ਵਿਸ਼ਾਲ ਨਗਰ ਕੀਰਤਨ ਵਿਚ ਮਿਤੀ 26 ਜਨਵਰੀ 2025 ਦਿਨ ਐਤਵਾਰ (13 ਮਾਘ) ਨੂੰ ਲੈ ਕੇ ਆਓ ਅਤੇ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

## ਸ: ਸਮਸ਼ੇਰ ਸਿੰਘ ਸੰਧੂ ਪ੍ਰਧਾਨ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 26 ਜਨਵਰੀ ਨੂੰ



**ਫ਼ਿਰੋਜ਼ਪੁਰ, 21 ਜਨਵਰੀ (ਮਨੋਹਰ ਲਾਲ) :—** ਸ: ਸਮਸ਼ੇਰ ਸਿੰਘ ਸੰਧੂ ਪ੍ਰਧਾਨ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਜ਼ੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸੀ। ਸ: ਸਮਸ਼ੇਰ ਸਿੰਘ ਪੁੱਤਰ ਸ: ਅਜੈਬ ਸਿੰਘ ਸੰਧੂ ਵਾਸੀ ਮਮਦੋਟ ਜ਼ੋ ਕਿ ਪਿਛਲੇ ਲੰਮੇ ਅਰਸੇ ਤੋਂ ਮਕਾਨ ਨੰਬਰ 38 ਦਸਮੇਸ਼ ਨਗਰ ਬੈਕਸਾਈਡ ਬਾਗੀ ਹਸਪਤਾਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਰਹਿ ਰਹੇ ਹਨ, ਆਪਣੀ ਜਿੰਦਗੀ ਦੀਆਂ 83 ਕੁ ਬਹਾਰਾਂ ਵੇਖ ਕੇ ਇਸ ਫਾਨੀ ਸੰਸਾਰ ਨੂੰ ਸਦਾ—ਸਦਾ ਲਈ ਅਲਵਿਦਾ ਕਹਿ ਗਏ, ਪਿਛੇ ਧਰਮਪਤਨੀ ਸ੍ਰੀਮਤੀ ਦਵਿੰਦਰ ਕੌਰ, ਦੋ ਲੜਕੇ ਕਮਲਦੀਪ ਸਿੰਘ, ਗਗਨਦੀਪ ਸਿੰਘ ਜ਼ੋ ਕਿ ਦੋਨੋ ਹੀ ਕੈਨੇਡਾ ਰਹਿੰਦੇ ਹਨ ਅਤੇ ਲੜਕੀ ਸਰਬਜੀਤ ਕੌਰ ਟੀਚਰ ਨੂੰ ਰੋਦੇ ਕੁਰਲਾਉਂਦਿਆਂ ਨੂੰ ਵਾਹਿਗੁਰੂ ਆਸਰੇ ਛੱਡ ਗਏ। ਸ: ਸਮਸ਼ੇਰ ਸਿੰਘ ਸੰਧੂ ਇਕ ਚੰਗੇ ਸੁਭਾਅ ਦੇ ਇਨਸਾਨ ਸਨ ਅਤੇ ਉਹ ਸਮਾਜ ਸੇਵਾ ਦੇ ਕੰਮਾਂ ਵਿਚ ਹਮੇਸ਼ਾ ਮੂਹਰਲੀ ਕਤਾਰ ਵਿਚ ਰਹਿੰਦੇ ਸੀ, ਇਸ ਤੋਂ ਇਲਾਵਾ ਉਹ ਠੇਕੇਦਾਰੀ ਦਾ ਕੰਮ ਅਤੇ ਆਪਣੀ ਜਮੀਨ ਦੀ ਸਾਂਭ—ਸੰਭਾਲ ਕਰਦੇ ਸੀ ਅਤੇ ਪਿਛਲੇ ਲੰਮੇ ਸਮੇਂ ਤੋਂ ਉਹ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਅਹੁਦੇਦਾਰ ਅਤੇ ਪ੍ਰਧਾਨ ਵਜੋਂ ਸੇਵਾ ਕਰਦੇ ਆ ਰਹੇ ਸਨ ਅਤੇ ਪਿਛੇ ਥੋੜ੍ਹੇ ਦਿਨਾਂ ਤੋਂ ਉਹ ਬਾਗੀ ਹਸਪਤਾਲ ਵਿਖੇ ਠੰਡ ਨਾਲ ਛਾਤੀ ਜਾਮ ਹੋਣ ਕਰਕੇ ਦਾਖਲ ਸਨ ਤਾਂ 17 ਜਵਰੀ ਦੀ ਰਾਤ 8:30 ਵਜੇ ਅਕਾਲ ਚਲਾਣਾ ਕਰ ਗਏ। ਇਸ ਮੌਕੇ ਤੇ ਉਨ੍ਹਾਂ ਦੀ ਅੰਤਿਮ ਅਰਦਾਸ ਤੇ ਧਾਰਮਿਕ, ਰਾਜਨੀਤਕ ਆਗੂ, ਪੱਤਰਕਾਰ, ਵਕੀਲ, ਸਮਾਜ ਸੇਵੀ ਜਥੇਬੰਦੀਆਂ ਦੇ ਆਗੂ, ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਸਮੂਹ ਮੈਂਬਰ ਅਤੇ ਅਹੁਦੇਦਾਰ, ਸਾਕ ਸਬੰਧੀ, ਰਿਸ਼ਤੇਦਾਰ, ਮਿੱਤਰ, ਭਰਾ ਪਹੁੰਚ ਕੇ ਸ: ਸਮਸ਼ੇਰ ਸਿੰਘ ਸੰਧੂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ। ਅਸੀਂ ਵਾਹਿਗੁਰੂ ਸੱਚੇ ਪਾਤਸ਼ਾਹ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਉਹ ਸ: ਸਮਸ਼ੇਰ ਸਿੰਘ ਸੰਧੂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ, ਪਿਛੇ ਧਰਮਪਤਨੀ ਸ੍ਰੀਮਤੀ ਦਵਿੰਦਰ ਕੌਰ, ਦੋਵੇਂ ਲੜਕੇ ਕਮਲਦੀਪ ਸਿੰਘ ਸੰਧੂ, ਗਗਨਦੀਪ ਸਿੰਘ ਸੰਧੂ ਅਤੇ ਬੇਟੀ ਸਰਬਜੀਤ ਕੌਰ ਅਤੇ ਰਿਸ਼ਤੇਦਾਰਾਂ, ਸਾਕ ਸਬੰਧੀਆਂ, ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਸ੍ਰੀ ਆਖੰਡ ਪਾਠ ਸਾਹਿਬ ਜੀ ਦਾ ਭੋਗ ਕੀਰਤਨ ਅਤੇ ਅੰਤਿਮ ਅਰਦਾਸ 11 ਵਜੇ ਤੋਂ ਇਕ ਵਜੇ ਤੱਕ 26 ਜਨਵਰੀ 2025 ਦਿਨ ਐਤਵਾਰ ਨੂੰ ਗੁਰਦੁਆਰਾ ਬਾਬਾ ਰਾਮ ਲਾਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਪਾਇਆ ਜਾਵੇਗਾ।

## ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਡਾ: ਦੀਵਾਨ ਚੰਦ ਸੁਖੀਜਾ ਦੀ ਧਰਮਪਤਨੀ ਦੀ ਯਾਦ ਵਿਚ ਚਾਹ ਦਾ ਲੰਗਰ ਲਾਇਆ




**ਫ਼ਿਰੋਜ਼ਪੁਰ, 21 ਜਨਵਰੀ (ਮਨੋਹਰ ਲਾਲ) :—**ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਡਾ: ਦੀਵਾਨ ਚੰਦ ਸੁਖੀਜਾ ਦੀ ਧਰਮਪਤਨੀ ਸ੍ਰੀਮਤੀ ਊਸ਼ਾ ਰਾਣੀ ਜਿਹੜੇ ਕਿ 4 ਸਾਲ ਪਹਿਲਾਂ ਅਕਾਲ ਚਲਾਣਾ ਕਰ ਗਏ ਸੀ, ਉਨ੍ਹਾਂ ਦੀ ਯਾਦ ਵਿਚ ਚਾਹ, ਪਾਣੀ, ਬਿਸਕੁਟ ਆਦਿ ਦਾ ਲੰਗਰ ਲਾਇਆ ਗਿਆ। ਇਸ ਮੌਕੇ ਤੇ ਪਰਿਵਾਰਕ ਮੈਂਬਰਾਂ ਨੇ ਵੀ ਸ਼ਰਧਾ ਅਨੁਸਾਰ ਸੇਵਾ ਕੀਤੀ ਅਤੇ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦੇ ਮੈਂਬਰ ਅਤੇ ਅਹੁਦੇਦਾਰ ਹਾਜ਼ਰ ਸਨ।

ਦਾਜ ਦਹੇਜ ਬਿਨਾਂ ਕੀਤੇ ਗਏ ਵਿਆਹ 'ਤੇ

# ਮੰਡੀ ਕਲਾਂ ਦੀ ਪੰਚਾਇਤ ਦੇਵੇਗੀ 11 ਹਜਾਰ ਰੁਪਏ ਦਾ ਸ਼ਗਨ




**ਤਲਵੰਡੀ ਸਾਬੋ/ ਮੌੜ ਮੰਡੀ, 21 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਜਿੱਥੇ ਪਿੰਡਾਂ ਦੇ ਵਿਕਾਸ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ, ਉਥੇ ਹੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੀ ਰਹਿਨੁਮਾਈ ਅਤੇ ਪ੍ਰੇਰਣਾ ਸਦਕਾ ਜ਼ਿਲ੍ਹੇ ਦੀਆਂ ਪੰਚਾਇਤਾਂ ਵੱਲੋਂ ਵੀ



## ਮਰਗ ਦੇ ਭੋਗ 'ਤੇ ਜਲੇਬੀਆਂ ਪਕੌੜੇ ਬਣਾਉਣ 'ਤੇ ਹੋਵੇਗਾ ਜੁਰਮਾਨਾ

ਨਿਵੇਕਲੀਆਂ ਪਹਿਲ ਕਦਮੀਆਂ ਕੀਤੀਆਂ ਜਾ ਰਹੀਆਂ ਹਨ।ਇਸੇ ਲੜੀ ਤਹਿਤ ਪੇਂਡੂ ਵਿਕਾਸ ਦੇ ਨਕਸੇ ਤੇ ਨੌਜਵਾਨ ਸਰਪੰਚਾਂ ਨੇ ਨਵੇਂ ਰੰਗ ਭਰਦਿਆਂ ਸਮਾਜਿਕ ਕੁਰੀਤੀਆ ਦੇ ਖਾਤਮੇ ਲਈ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਇਹਨਾਂ ਨਵੇਂ ਪੋਸ਼ ਦੇ ਸਰਪੰਚਾਂ ਨੇ ਰਿਵਾਇਤੀ ਵਿਕਾਸ ਤੋ ਲਾਂਭੇ ਹੁੰਦਿਆ ਪਿੰਡਾਂ ਨੂੰ ਨਵੇ ਸਮਾਜ ਦੀ ਸਿਰਜਣਾ ਵੱਲ ਮੋੜਿਆ ਹੈ। ਮੰਡੀ ਕਲਾਂ ਦੀ ਨੌਜਵਾਨ ਮਹਿਲਾ ਸਰਪੰਚ ਮਨਜਿੰਦਰ ਕੌਰ ਨੇ ਗ੍ਰਾਮ ਸਭਾ ਦੇ ਆਮ ਇਜਲਾਸ ਚ, ਮਤਾ ਪਾਸ ਕਰ ਦਿੱਤਾ ਕਿ ਜੋ ਪਰਿਵਾਰ ਬਿਨਾਂ ਦਾਜ ਦਹੇਜ ਦੇ ਵਿਆਹ ਕਰੇਗਾ ਪੰਚਾਇਤ ਵੱਲੋਂ ਪਰਿਵਾਰ ਨੂੰ 11 ਹਜ਼ਾਰ ਰੁਪਏ ਦਾ ਸ਼ਗਨ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਅਤੇ ਮਰਗ ਦੇ ਭੋਗ 'ਤੇ ਜਲੇਬੀਆਂ ਪਕੌੜੇ ਬਣਾਉਣ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ। ਗ੍ਰਾਮ ਸਭਾ ਦੇ ਮੈਬਰਾਂ ਦੀ ਪ੍ਰਵਾਨਗੀ ਨਾਲ ਫੈਸਲਾ ਲਿਆ ਗਿਆ ਕਿ ਹੁਣ ਕੋਠਿਆਂ 'ਤੇ ਸਪੀਕਰ ਨਹੀ ਵੱਜਣਗੇ ਅਤੇ ਡੀ.ਜੇ. ਲਾਉਣ ਦਾ ਸਮਾਂ ਰਾਤ ਦੇ 10 ਵਜੇ ਤੱਕ ਹੋਵੇਗਾ 'ਤੇ ਅਵਾਜ ਉੱਚੀ ਕਰਨ ਤੇ ਪਾਬੰਦੀ ਲਗਾ ਦਿੱਤੀ ਗਈ ਹੈ।ਮਕਾਨ ਨੂੰ ਕਿਰਾਏ 'ਤੇ ਦੇਣ ਤੋਂ ਪਹਿਲਾਂ ਮਕਾਨ ਮਾਲਕ ਪੰਚਾਇਤ ਨੂੰ ਸੂਚਨਾ ਦੇਵੇਗਾ ਤਾਂ ਕਿ ਗਲਤ ਅਨਸਰ ਪਿੰਡ ਵਿੱਚ ਘੁਸਪੈਠ ਨਾ ਕਰ ਸਕਣ। ਨੰਬਰਦਾਰ ਤੇ ਪੰਚਾਇਤ ਵੱਲੋਂ ਨਸ਼ੇ ਵੇਚਣ ਵਾਲੇ ਤੇ ਚੋਰੀ ਕਰਨ ਵਾਲਿਆਂ ਦੀ ਜਮਾਨਤ ਨਹੀ ਕਰਵਾਈ ਜਾਵੇਗੀ। ਪਿੰਡ ਵਿੱਚ ਖੁਸੀ ਮੌਕੇ ਵਧਾਈ ਲੈਣ ਆਉਣ ਵਾਲੇ ਮਹੰਤਾਂ ਦੇ ਰੁਪਏ ਵੀ ਫਿਕਸ ਕਰ ਦਿੱਤੇ ਗਏ ਹਨ। ਇਸ ਤੋ ਇਲਾਵਾ ਹੋਰਨਾਂ ਫੈਸਲਿਆਂ ਵਿੱਚ ਦੁਕਾਨਦਾਰ ਚਾਇਨਾ ਡੋਰ, ,ਸਟਿੰਗ, ,ਕੂਲਿੱਪ ਨਹੀ ਵੇਚੇਗਾ, ਚੋਰੀ ਦਾ ਸਮਾਨ ਤੇ ਗਹਿਣੇ ਵਗੈਰਾ ਲੈਣ ਵਾਲੇ 'ਤੇ ਕਾਰਵਾਈ ਹੋਵੇਗੀ ਅਤੇ ਪਿੰਡ ਦੀ ਹਦੂਦ 'ਚ, ਉੱਚੀ ਅਵਾਜ 'ਤੇ ਡੈਕ ਲਾਉਣ ਦੀ ਪਾਬੰਦੀ ਕਰ ਦਿੱਤੀ ਗਈ ਹੈ। ਇੰਨਾਂ ਫੈਸਲਿਆਂ ਦੇ ਖਿਲਾਫ ਜਾਣ ਵਾਲਿਆਂ ਨੂੰ ਜੁਰਮਾਨੇ ਹੋਣਗੇ। ਇਸ ਮੌਕੇ ਆਮ ਇਜਲਾਸ ਦੀ ਮੀਟਿੰਗ ਵਿੱਚ ਚੇਅਰਪਰਸਨ ਮਨਜਿੰਦਰ ਕੌਰ ਨੇ ਪਿੰਡ ਦੇ ਸਰਬਪੱਖੀ ਵਿਕਾਸ ਦੇ ਲਈ 1 ਕਰੋੜ 40 ਲੱਖ ਰੁਪਏ ਦਾ ਅਗਲੇ ਵਰ੍ਹੇ ਦਾ ਅਨੁਮਾਨਿਤ ਬਜਟ ਪੇਸ਼ ਕੀਤਾ ਤੇ ਸਭਾ ਦੇ ਮੈਬਰਾਂ ਨੇ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ। ਇਸ ਮੌਕੇ ਮਗਨਰੇਗਾ ਦੇ ਏ.ਪੀ.ਓ ਮੈਡਮ ਸੰਦੀਪ ਕੌਰ ਨੇ ਨਰੇਗਾ ਅਧੀਨ ਹੋਣੇ ਵਾਲੇ ਕੰਮਾਂ ਦੀ ਜਾਣਕਾਰੀ ਸਾਂਝੀ ਕੀਤੀ। ਵਾਟਰ ਸਪਲਾਈ ਵਿਭਾਗ ਦੇ ਹਰਿੰਦਰ ਸਿੰਘ ਤੇ ਜੇ.ਈ ਜਸਵੀਰ ਸਿੰਘ ਨੇ ਪਾਣੀ ਦੀ ਮਹਤੱਤਾ ਬਾਰੇ ਦੱਸਿਆ। ਇਸ ਮੌਕੇ ਪੰਚਾਇਤ ਸਕੱਤਰ ਸੇਵਾ ਸਿੰਘ, ,ਪੰਚ ਕੁਲਵਿੰਦਰ ਸਿੰਘ, ਲੀਲਾ ਸਿੰਘ, , ਬਲਵਿੰਦਰ ਸਿੰਘ, ,ਹਰਪ੍ਰੀਤ ਸਿੰਘ, ਆਗਿਆਪਾਲ ਸਿੰਘ, ਮਲਕੀਤ ਸਿੰਘ, ਜਗਦੀਪ ਸਿੰਘ, ਮਨਦੀਪ ਕੌਰ, ਪਰਮਜੀਤ ਕੌਰ, ,ਹਰਜਿੰਦਰ ਕੌਰ ਅਤੇ ਵੀਰਪਾਲ ਕੌਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਪਿੰਡ ਕਾਲੀਆ ਸਕੱਤਰਾ ਵਿਖੇ

# ਅਮਰ ਸ਼ਹੀਦ ਬਾਬਾ ਮੇਘ ਸਿੰਘ ਜੀ ਵੇਦੀਆਂ ਵਾਲਿਆਂ ਦਾ ਸਾਲਾਨਾ ਜੋੜ ਮੇਲਾ ਅੱਜ : ਭਾਈ ਖ਼ਾਲਸਾ



**ਅੰਮ੍ਰਿਤਸਰ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤ ਪਾਕਿ ਸਰਹੱਦ ਦੇ ਕੰਢੇ ਤੇ ਵੱਸਦੇ ਸ਼ਹਿਰ (ਖੇਮਕਰਨ) ਦੇ ਨੇੜੇ ਪਿੰਡ ਕਾਲੀਆ ਸਕੱਤਰਾ ਵਿਖੇ ਮਹਾਨ ਸੂਰਬੀਰ ਜਰਨੈਲ 'ਅਮਰ ਸ਼ਹੀਦ ਬਾਬਾ ਮੇਘ ਸਿੰਘ ਜੀ' ਵੇਦੀਆ ਵਾਲੇ ਉਹ ਮਹਾਨ ਸ਼ਖਸੀਅਤ ਹਨ ਜਿਨ੍ਹਾਂ ਨੇ 1723 ਵਿੱਚ ਕਸੂਰ ਦੀ ਜੰਗ ਦੌਰਾਨ ਮੁਗਲ ਫੌਜਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦੀ ਦਾ ਜਾਮ ਪੀਤਾ ਸੀ। ਮੇਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਅਮਰ ਖਾਲਸਾ ਫਾਊਂਡੇਸ਼ਨ ਦੇ ਪ੍ਰਧਾਨ ਭਾਈ ਅਵਤਾਰ ਸਿੰਘ ਖਾਲਸਾ ਨੇ ਦੱਸਿਆ ਕਿ ਅਮਰ ਸ਼ਹੀਦ ਬਾਬਾ ਮੇਘ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਪਿੰਡ 'ਚ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦ ਬਾਬਾ ਮੇਘ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਪਿੰਡ 'ਕਾਲੀਆ ਸਕੱਤਰਾ' ਵਿਖੇ ਸਾਲਾਨਾ ਜੋੜ ਮੇਲਾ ਪਿੰਡ ਕਾਲੀਆ ਸਕੱਤਰਾ ਅਤੇ ਵੇਦੀਆਂ ਦੀ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਿਤੀ:22-23 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ ਜਿੱਥੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀਆਂ ਚੱਲ ਰਹੀਆਂ ਲੜੀਆਂ ਦੇ ਭੋਗ ਉਪਰੰਤ ਕੌਮ ਦੇ ਮਹਾਨ ਰਾਗੀ, ਢਾਡੀ, ਕਥਾਵਾਚਕ ,ਅਤੇ ਕਵੀਸ਼ਰੀ ਜੱਥੇ ਆਈਆਂ ਹੋਈਆਂ ਸੰਗਤਾਂ ਨੂੰ ਸ਼ਹੀਦਾਂ ਸਿੰਘਾਂ ਦੇ ਲਾਸਾਨੀ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਜਿੱਥੇ ਵੱਡੀ ਗਿਣਤੀ ਚ ਦੂਰ ਦੁਰਾਡੇ ਤੋਂ ਸੰਗਤਾਂ ਹਾਜ਼ਰੀਆਂ ਭਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਮੇਲੇ ਦੌਰਾਨ ਮਿਤੀ:22 ਅਤੇ 23 ਜਨਵਰੀ ਨੂੰ ਵੱਖ-ਵੱਖ ਕਬੱਡੀ ਟੀਮਾਂ ਵਿਚਕਾਰ ਫਸਵੇਂ ਕਬੱਡੀ ਦੇ ਮੈਚ ਵੀ ਹੋਣਗੇ। ਅਖੀਰ 'ਚ ਭਾਈ ਖ਼ਾਲਸਾ ਨੇ ਸ਼ਹੀਦਾਂ ਦੀ ਯਾਦ ਵਿੱਚ ਮਨਾਏ ਜਾ ਰਹੇ ਸਾਲਾਨਾ ਜੋੜ ਮੇਲੇ ਸਬੰਧੀ ਸਮੂਹ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਅਤੇ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀ ਕਾਰ ਸੇਵਾ 'ਚ ਤਨ,ਮਨ,ਧਨ ਨਾਲ ਸੇਵਾਵਾਂ ਕਰ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਸੇਵਾ ਸੁਸਾਇਟੀ ਅਤੇ ਸਮੂਹ ਪ੍ਰਬੰਧਕ ਹਾਜ਼ਰ ਸਨ।

# ਸੀ.ਆਈ.ਏ ਸਟਾਫ-2 ਵੱਲੋਂ ਨਸ਼ਾ ਤਸਕਰ ਇੱਕ ਕਿੱਲੋ ਹੈਰੋਇਨ ਸਮੇਤ ਕਾਬੂ



**ਚੌਕ ਮਹਿਤਾ, 21ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਮਿਸ਼ਨਰ ਪੁਲਿਸ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਆਈ ਪੀ ਐਸ ਦੀਆਂ ਹਦਾਇਤਾਂ ਪਰ ਪੁਲਿਸ ਕਮਿਸ਼ਨਰੇਟ ਅ ਵਿੱਚ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਸਪੈਸ਼ਲ ਮੁਹਿੰਮ ਤਹਿਤ ਸ੍ਰੀ ਹਰਪ੍ਰੀਤ ਸਿੰਘ ਮੰਡੇਰ ਡੀ ਸੀ ਪੀ,ਸ੍ਰੀ ਨਵਜੋਤ ਸਿੰਘ ਕਰਾਇਮ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ੍ਰੀ ਹਰਮਿੰਦਰ ਸਿੰਘ ਸੰਧੂ ਪੀ ਪੀ ਐਸ ਏ ਸੀ ਪੀ ਕਰਾਇਮ ਦੀ ਨਿਗਰਾਨੀ ਹੇਠ ਇੰਸਪੈਕਟਰ ਸਰਮੇਲ ਸਿੰਘ, ਇੰਚਾਰਜ ਸੀ.ਆਈ.ਏ ਸਟਾਫ-2 ਨੂੰ ਸਮੇਤ ਪੁਲਿਸ ਪਾਰਟੀ ਉਸ ਵੇਲੇ ਵੱਡੀ ਸਫਲਤਾ ਮਿਲੀ ਸੂਚਨਾ ਦੇ ਅਧਾਰ ਤੇ ਯੋਜਨਾਬੱਧ ਤਰੀਕੇ ਨਾਲ ਇਕ ਵਿਅਕਤੀ ਕਾਬਲ ਸਿੰਘ ਪੁੱਤਰ ਮੱਸਾ ਸਿੰਘ ਵਾਸੀ ਪਿੰਡ ਦਾਉਕੇ ਭੈਣੀ, ਥਾਣਾ ਘਰਿੰਡਾ, ਅੰਮ੍ਰਿਤਸਰ ਦਿਹਾਤੀ ਨੂੰ ਸਮੇਤ ਬਿਨਾਂ ਨੰਬਰੀ ਮੋਟਰਸਾਈਕਲ ਕਾਬੂ ਕਰਕੇ ਇਸ ਪਾਸੋਂ ਨਿਸ਼ਾਨਦੇਹੀ ਤੇ ਇੱਕ ਕਿਲੋ ਹੈਰੋਇਨ ਬ੍ਰਾਮਦ ਕਰਕੇ ਮੁਕੱਦਮਾ ਨੰਬਰ ਮੁਕੱਦਮਾ ਨੰਬਰ 22 ਥਾਣਾ ਇਸਲਾਮਾਬਾਦ, ਜਿਲ੍ਹਾ ਅੰਮ੍ਰਿਤਸਰ ਦਰਜ ਰਜਿਸਟਰ ਕੀਤਾ ਗਿਆ। ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਇਸ ਦੇ ਬੈਕਵਰਡ ਫਾਰਵਰਡ ਲਿੰਕ ਬਾਰੇ ਬਾਰੀਕੀ ਨਾਲ ਪੁੱਛ ਗਿੱਛ ਕੀਤੀ ਜਾਵੇਗੀ ਕਿ ਇਹ ਹੈਰੋਇਨ ਦੀ ਖੇਪ ਕਿੱਥੋਂ ਲੈ ਕੇ ਆਇਆ ਹੈ। ਇਸ ਪਾਸੋਂ ਹੋਰ ਵੀ ਕਈ ਖੁਲਾਸੇ ਹੋਣ ਦੀ ਸੰਭਾਵਨਾ ਹੈ ।

# ਹਮਲਾਵਰਾਂ ਨੇ ਦਿਨ ਦਿਹਾੜੇ ਪਿੰਡ ਚੰਨਣਕੇ ਦੇ ਨੌਜਵਾਨ ਨੂੰ ਗੋਲੀ ਮਾਰੀ





**ਚੌਕ ਮਹਿਤਾ, 21 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)** -ਪਿੰਡ ਚੰਨਣਕੇ ਵਿਖੇ ਇੱਕ ਨੌਜਵਾਨ ਰਾਜਨਪ੍ਰੀਤ ਸਿੰਘ ਪੁੱਤਰ ਹੀਰਾ ਸਿੰਘ ਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਪੁਲਿਸ ਥਾਣਾ ਮਹਿਤਾ ਚੌਂਕ ਦੇ ਮੁੱਖ ਅਫਸਰ ਸ੍ਰ.ਅਜੈਪਾਲ ਸਿੰਘ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਸਪਲੈਂਡਰ ਮੋਟਰ ਸਾਈਕਲ ਤੇ ਸਵਾਰ ਹੋ ਕੇ ਤਿੰਨ ਨੌਜਵਾਨ ਜਿਨਾਂ ਨੇ ਆਪਣੇ ਮੂੰਹ ਢੱਕੇ ਹੋਏ ਸਨ , ਪਿੰਡ ਵਿੱਚ ਦਾਖਲ ਹੋਏ ਅਤੇ ਰਾਜਨਪ੍ਰੀਤ ਸਿੰਘ ਜੋ ਕਿ ਗਲੀ ਵਿੱਚ ਬੈਠਾ ਸੀ ਉਸ ਉਪਰ ਫਾਇਰਿੰਗ ਕਰਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਅਤੇ ਆਪ ਫਰਾਰ ਹੋ ਗਏ। ਗੰਭੀਰ ਜਖਮੀ ਰਾਜਨਪ੍ਰੀਤ ਨੂੰ ਅੰਮ੍ਰਿਤਸਰ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਹੋਇਆ ਹੈ ਅਤੇ ਪੁਲਿਸ ਵੱਲੋਂ ਧਾਰਾ 307(109ਬੀ ਐਨ ਐਸ) ਅਤੇ 25-54-59 ਅਸਲਾ ਐਕਟ ਦੇ ਤਹਿਤ ਮੁਕਦਮਾ ਨੰਬਰ 106 ਦਰਜ ਕਰਕੇ ਅਗਲੇਰੀ ਕਾਰਵਾਈ ਕਰਦਿਆਂ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

# ਸ਼ਹੀਦ ਭਾਈ ਗੁਰਸਾਹਿਬ ਸਿੰਘ ਮੰਡਿਆਲਾ ਦਾ ਸ਼ਹੀਦੀ ਸਮਾਗਮ 22 ਨੂੰ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ



**ਅੰਮ੍ਰਿਤਸਰ, 21 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਲਈ ਅਰੰਭੇ ਸੰਘਰਸ਼ 'ਚ ਸ਼ਹਾਦਤ ਦਾ ਜਾਮ ਪੀਣ ਵਾਲੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਖ਼ਾਲਸਾ ਕਾਲਜ ਯੂਨਿਟ ਅਤੇ ਅੰਮ੍ਰਿਤਸਰ ਜ਼ਿਲ੍ਹਾ ਦੇ ਪ੍ਰਧਾਨ ਅਮਰ ਸ਼ਹੀਦ ਭਾਈ ਗੁਰਸਾਹਿਬ ਸਿੰਘ ਮੰਡਿਆਲਾ ਉਰਫ਼ ਭਾਈ ਇੰਦਰਪਾਲ ਸਿੰਘ ਦਾ ਸ਼ਹੀਦੀ ਦਿਹਾੜਾ ਉਹਨਾਂ ਦੇ ਪਿੰਡ ਮੰਡਿਆਲਾ ਨੇੜੇ ਚੱਬਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ 22 ਜਨਵਰੀ 2025 ਨੂੰ ਖ਼ਾਲਸਾਈ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਏਗਾ। ਇਹ ਜਾਣਕਾਰੀ ਸਾਂਝੀ ਕਰਦਿਆਂ ਸ਼ਹੀਦ ਭਾਈ ਗੁਰਸਾਹਿਬ ਸਿੰਘ ਮੰਡਿਆਲਾ ਦੇ ਭਰਾ ਭਾਈ ਜਸਬੀਰ ਸਿੰਘ ਜੱਸਾ ਮੰਡਿਆਲਾ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ, ਢਾਡੀ ਅਤੇ ਕਥਾਵਾਚਕ ਹਰ ਜੱਸ ਅਤੇ ਸ਼ਹੀਦਾਂ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਪੰਥਕ ਬੁਲਾਰੇ ਸਿੱਖ ਸੰਘਰਸ਼ ਪ੍ਰਤੀ ਵਿਚਾਰਾਂ ਦੀ ਸਾਂਝ ਪਾਉਣਗੇ। ਉਹਨਾਂ ਨੇ ਸੰਗਤਾਂ ਨੂੰ ਸਮਾਗਮ ਵਿੱਚ ਪੁੱਜਣ ਦੀ ਅਪੀਲ ਵੀ ਕੀਤੀ।